ੴ ਸਤਿਗੁਰ ਪ੍ਰਸਾਦਿ ॥

ਤਵਾਰੀਖ ਗੁਰੂ ਖਾਲਸਾ

(ਇਤਿਹਾਸ ਸ੍ਰੀ ਗੁਰੂ ਰਾਮਦਾਸ ਜੀ)

ਕ੍ਰਿਤ:

ਗਿਆਨੀ ਗਿਆਨ ਸਿੰਘ ਜੀ

TWARIKH GURU KHALSA

(History of Guru Ramdas ji)

By

Giani Gian Singh ji

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ
੪੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 400th Martyrdom Anniversary of

Sri Guru Arjan Dev ji

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji

© Baljinder Singh 16914 Lassen Street, Northridge, CA 91343 USA

Visit: www.ik13.com Email rarasahib@yahoo.com

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ਤਤਕਰਾ

Click a link to access the required page

(ਪਾਃ ੪ – ੧)	ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਾ: ੪ ਅਵਤਾਰ ਅਤੇ ਮਾਤਾ ਪਿਤਾ ਪ੍ਰਵਿਰਸ਼ ਨਾਨਕੇ ਨਗਰ ਬਾਸਰਕੇ
(ਪਾਃ ੪ – ੨)	ਗੁਰੂ ਜੀ ਨੂੰ ਮਿਲਣਾ ਤੇ ਸ਼ਾਦੀ ਸੰਤਾਨ ਦਾ ਹੋਣਾ ਸ਼ਾਦੀ ਅਤੇ ਸੰਤਾਨ
(ਪਾਃ ੪ – ੩)	ਬੀਬੀ ਭਾਨੀ ਜੀ ਦੀ ਸੇਵਾ ਚੌਂਕੀ ਦੇ ਪਾਵੇ ਵਾਲਾ ਪ੍ਰਸੰਗ
(ਪਾਃ ੪ – ੪)	ਗੁਰੂ ਰਾਮਦਾਸ ਜੀ ਦੇ ਸ਼੍ਰੀਕਾਂ ਦੀ ਹਾਨੀ
(ਪਾਃ ੪ – ੫)	ਗੁਰੂ ਰਾਮਦਾਸ ਜੀ ਦੀ ਉਦਾਰਤਾ ਬੇਨਵਾ ਫ਼ਕੀਰ, ਗੁਰੂ ਜੀ ਦਾ ਧੀਰਜ
(ਪਾਃ ੪ – ੬)	ਰਾਮਦਾਸਪੁਰ ਦੀ ਨੀਉਂ
(ਪਾਃ ੪ – ੭)	ਅੰਮ੍ਰਿਤਸਰ ਦੀ ਮਹਿਮਾਂ ਦਾ ਕਾਰਣ ਬੀਬੀ ਰਜਨੀ
(ਪਾਃ ੪ – ੮)	ਅਕਬਰ ਬਾਦਸ਼ਾਹ ਦਾ ਆਉਣਾ ਗੁਰੂ ਰਾਮਦਾਸ ਜੀ ਦਾ ਤਿਆਗ
(ਪਾਃ ੪ – ੯)	ਗੁਰੂ ਰਾਮਦਾਸ ਜੀ ਦਾ ਆਚਰਨ
(ਪਾਃ ੪ – ੧੦)	ਸਿੱਖੀ ਦੇ ਲੱਖਣ ਤੇ ਉਪਦੇਸ਼ ਭਾਈ ਭਿਖਾਰੀ
(ਪਾਃ ੪ – ੧੧)	ਸ੍ਰੀ ਚੰਦ ਜੀ ਦਾ ਮਿਲਾਪ ਨਿਮ੍ਰਤਾ ਦੀ ਹੱਦ
(ਪਾਃ ੪ – ੧੨)	ਉਪਦੇਸ਼ ਬਖ਼ਸ਼ੀਸ਼ਾਂ ਤੇ ਸਿੱਖਾਂ ਦੀਆਂ ਟਹਿਲਾਂ ਸੁਮਾਨ/ਸੋਮਾ ਸ਼ਾਹ ਪਾ: ੩ ਦਾ ਤੀਰਥਾਂ ਤੇ ਜਾਣ ਦਾ ਮਨੋਰਥ ਭਾਈ ਉਦਮ/ਆਦਮ
(ਪਾਃ ੪ – ੧੩)	ਗੁਰੂ ਅਰਜਨ ਜੀ ਦਾ ਲਾਹੌਰ ਜਾਣਾ ਤੇ ਮੁੜਨਾ ਗੱਦੀ ਮਿਲਣੀ, ਤੇ ਪ੍ਰਿਥੀਚੰਦ ਦਾ ਬਿਬਾਦ ਸਹਾਰੀ ਮੱਲ ਜੀ ਪ੍ਰਿਥੀਚੰਦ ਦਾ ਕਪਟ ਅਰਜਨ ਦੇਵ ਜੀ ਲਾਹੌਰ ਗਏ ਪ੍ਰਿਥੀਏ ਦਾ ਪਰਦਾ ਫਾਸ਼ ਅਰਜਨ ਦੇਵ ਜੀ ਡੇਢ ਸਾਲ ਲਾਹੌਰ ਰਹੇ ਪਾ:੫ ਨੂੰ ਗੁਰਤਾ ਪ੍ਰਾਪਤ ਹੋਣੀ ਪਾ: ੪ ਜੋਤੀ ਜੋਤਿ ਸਮਾਏ

ਕਥਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ (ਪਾ: ੪)

ਏਹ ਗੁਰੁ ਜੀ {ਪਾ: ੪ ਅਵਤਾਰ ਅਤੇ ਮਾਤਾ ਪਿਤਾ} ੨੦ ਕਤਕ ਵਦੀ ੨ ਸੰਮਤ ੧੫੯੧ ਬਿਕ੍ਰਮੀ ਅਤੇ ੧੫੩੪ ਈਸਵੀ ਅਤੇ ੬੭ ਨਾਨਕ ਸ਼ਾਹੀ ਵਿੱਚ ਵੀਰਵਾਰ ਚਾਰ ਘੜੀ ਦਿਨ ਚੜ੍ਹੇ ਹਿਮਾਯੂੰ ਬਾਦਸ਼ਾਹ ਦੇ ਵਕਤ ਹਰਦਾਸ ਮਲ ਸੋਢੀ ਖਤ੍ਰੀ ਦੇ ਘਰ ਮਾਈ ਦਯਾ ਕੌਰ ਦੀ ਕੁੱਖ ਵਿੱਚੋਂ ਲਾਹੌਰ ਚੂਨੀ ਮੰਡੀ ਵਿਖੇ ਪ੍ਰਗਟੇ। ਏਹ ਗੁਰੂ ਜੀ ਅਤਿ ਸੁੰਦਰ, ਗੌਰ ਵਰਨ, ਮੋਟੇ ਨਕਸ਼ ਤੇ ਚੌੜੇ ਮੱਥੇ ਵਾਲੇ ਸੇ। ਹੱਥਾਂ ਪੈਰਾਂ ਦੇ ਲੱਛਣ ਸਭ ਅਵਤਾਰਾਂ ਵਰਗੇ ਸੇ। ਬਾਲਕਪਣੇ ਤੋਂ ਹੀ ਸੰਤਾਂ ਨਾਲ ਪਿਆਰ ਰੱਖਦੇ ਤੇ ਭਜਨ ਭਗਤੀ ਦੇ ਪ੍ਰੇਮੀ ਹੋ ਗਏ।

ਜਦ ਸੱਤ ਬਰਸ ਦੇ ਹੋਏ ਤਾਂ ਏਹਨਾਂ ਦਾ ਪਿਤਾ ਗ਼ੁਜ਼ਰ ਗਿਆ ਤਾਂ ਏਹਨਾਂ ਦੀ ਨਾਨੀ ਆਪਣੇ ਘਰ {ਪ੍ਰਵਿਰਸ਼ ਨਾਨਕੇ ਨਗਰ ਬਾਸਰਕੇ} ਬਾਸਰਕੇ ਪਿੰਡ ਲੈ ਗਈ। ਕਿਉਂਕਿ ਏਨ੍ਹਾਂ ਦੀ ਮਾਤਾ ਪਹਿਲੇ ਹੀ ਗ਼ੁਜ਼ਰ ਚੁੱਕੀ ਸੀ। ਨਾਨੀ ਨੂੰ ਦੋਹਤਾ ਪੋਤ੍ਰਜਾਂ ਨਾਲੋਂ ਭੀ ਪਜਾਰਾ ਹੁੰਦਾ ਹੈ। ਬਹੁਤ ਪ੍ਰੇਮ ਨਾਲ ਪਰਵਰਸ਼ ਕਰਦੀ ਰਹੀ। ਜਦ ਏਹ ਵੱਡੇ ਹੋਏ ਤਾਂ ਕਦੇ ਘੁੰਗਣੀਆਂ ਲਗਾ ਕੇ ਧਰਮ ਸੰਬੰਧੀ ਸਥਾਨਾਂ ਪਰ ਜਾਂਦੇ ਤੇ ਓਥੇ ਜੈਸਾ ਜਿਸ ਨੂੰ ਅਧਿਕਾਰ ਹੁੰਦਾ (ਮੁਫਤ ਯਾ ਮੁਲ) ਦੇਂਦੇ।

ਗੁਰੂ ਜੀ ਨੂੰ ਮਿਲਣਾ ਤੇ ਸ਼ਾਦੀ ਸੰਤਾਨ ਦਾ ਹੋਣਾ

ਇਕ ਦਿਨ ਗੁਰੂ ਅਮਰਦਾਸ ਜੀ ਆਪਣੀ ਬੇਟੀ ਬੀਬੀ ਭਾਨੀ ਦੀ ਕੁੜਮਾਈ ਕਰਨ ਵਾਸਤੇ ਬ੍ਰਾਹਮਣ ਨੂੰ ਭੇਜਣ ਲੱਗੇ ਤਾਂ ਬੀਬੀ ਦੀ ਮਾਈ (ਗੁਰੂ) ਰਾਮਦਾਸ ਜੀ ਨੂੰ ਆਪਣੇ ਘਰ ਦੇ ਸਾਹਮਣੇ ਆਉਂਦੇ ਦੇਖ ਕੇ ਬੋਲੀ ਏਹੋ ਜੇਹਾ ਸੁੰਦਰ ਤੇ ਏਸੇ ਉਮਰ ਦਾ ਲੜਕਾ ਹੋਵੇ। ਗੁਰੂ ਅਮਰਦਾਸ ਜੀ ਨੇ ਇਹ ਗੱਲ ਸੁਣ ਕੇ ਗੁਰੂ ਰਾਮਦਾਸ ਜੀ ਨੂੰ ਬੁਲਾਯਾ ਤੇ ਨਾਮ ਆਦਿਕ ਪੁੱਛ ਕੇ ਆਖ਼ਯਾ, "ਬੱਸ! ਏਸ ਜੇਹਾ ਤਾਂ ਏਹੋ ਹੈ। ਹੋਰ ਦੇਖਣ ਦੀ ਕੋਈ ਲੋੜ ਨਹੀਂ। ਚੰਗਾ ਹੋਯਾ ਜੋ ਮਨ ਇਛਤ ਲੜਕਾ ਮਿਲ ਗਿਆ।" ਏਹ ਕਹਿ ਕੇ ਓਸ ਘੜੀ ਸਗਾਈ ਦਾ ਸ਼ਗਨ ਦੇ ਕੇ {ਸ਼ਾਦੀ ਅਤੇ ਸੰਤਾਨ} ੧੬ ਫੱਗਣ ਸੰਮਤ ੧੫੯੯ ਬਿਕ੍ਰਮੀ ਨੂੰ ਗੁਰੂ ਰਾਮਦਾਸ ਜੀ ਨਾਲ ਬੀਬੀ ਭਾਨੀ ਜੀ ਦਾ ਵਿਆਹ ਕਰ ਦਿੱਤਾ, ਜਿਸ ਦੀ ਕੁੱਖੋਂ ਅੱਸੂ ਸੰਮਤ ੧੬੦੫ ਬਿਕ੍ਰਮੀ ਨੂੰ ਪ੍ਰਿਥੀਚੰਦ ਪੈਦਾ ਹੋਯਾ ਜਿਸ ਦਾ ਵਿਆਹ ੩ ਵੈਸਾਖ ਸੰਮਤ ੧੬੧੩ ਬਿਕ੍ਰਮੀ ਨੂੰ ਕਰਮ ਕੌਰ ਨਾਲ ਹੋਯਾ ਤੇ ਏਨ੍ਹਾਂ ਦੀ ਸੰਤਾਨ ਹੁਣ ਮੀਣੇ ਸੋਢੀ ਕਹਾਉਂਦੇ ਹਨ। ਦੂਸਰੇ ਮਹਾਂਦੇਵ ਜੀ ੪ ਹਾੜ ਸੰਮਤ ੧੬੦੮ ਬਿਕ੍ਰਮੀ ਨੂੰ ਪੈਦਾ ਹੋਏ। ਪਹਿਲੇ ਤਾਂ ਏਹ ਸੰਤ ਰੂਪ ਵਿਰੱਕਤ ਹੋ ਕੇ ਚਾਟੀ ਪਿੰਡ ਰਹਿੰਦੇ ਰਹੇ, ਜਿੱਥੇ ਏਨ੍ਹਾਂ ਦੇ ਨਾਮ ਦੇ ਬਾਉਲੀ, ਧਰਮਸਾਲਾ, ਖੂਹ, ਥੜਾ ਏਹ ਚਾਰ ਸਥਾਨ ਪੱਕੇ ਬਣੇ ਹੋਏ ਸੇ ਜੋ ਹੁਣ ਖ਼ਰਾਬ ਹੋ ਗਏ ਹਨ। ਫੇਰ ਵੱਡੀ ਉਮਰੇ ਖਡੂਰ ਵਿੱਚ ਸ਼ਾਦੀ ਕਰ ਲਈ। ਓਥੋਂ ਇੱਕ ਪੁੱਤ੍ਰ ਕਸ਼ਮੀਰੀ ਮੱਲ ਹੋਯਾ ਜਿਸ ਦੀ ਉਲਾਦ ਦੇ ਹੁਣ ਅਤਰ ਸਿੰਘ ਆਦਿਕ ਬਹੁਤ ਆਦਮੀ ਘੜੂੰਏਂ ਪਿੰਡ ਇਲਾਕੇ ਰਜਾਸਤ ਪਟਿਆਲੇ ਵਿੱਚ ਹਨ। ਤੀਸਰੇ ੧੮ ਬੈਸਾਖ ਵਦੀ ੭ ਸੰਮਤ ੧੬੧੦ ਬਿਕ੍ਰਮੀ ਨੂੰ ਗੁਰੂ ਅਰਜਨ ਜੀ ਪ੍ਰਗਟ ਹੋਏ। ਏਹ ਤਿੰਨੇ ਗੋਇੰਦਵਾਲ ਆਪਣੇ ਨਾਨਕੇ ਘਰ ਹੀ ਵਸਦੇ ਰਹੇ।

ਬੀਬੀ ਭਾਨੀ ਜੀ ਦੀ ਸੇਵਾ

ਜਦ ਸੰਮਤ ੧੬੦੩ ਬਿਕ੍ਰਮੀ ਨੂੰ ਗੋਇੰਦਵਾਲ ਵੱਸਿਆ ਤੇ ਗੁਰੂ ਅੰਗਦ ਜੀ ਦੇ ਹੁਕਮ ਅਨੁਸਾਰ ਗੁਰੂ ਅਮਰਦਾਸ ਜੀ ਨੇ ਆਪਣੇ ਕੁਟੰਬ ਨੂੰ ਓਥੇ ਵਸਾਯਾ ਤਾਂ ਗੁਰੂ ਰਾਮਦਾਸ* ਜੀ ਨੂੰ ਭੀ ਗੋਇੰਦਵਾਲ ਆਪਣੇ ਪਾਸ ਬੁਲਾ ਲਿਆ। ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਨੇ ਗੁਰੂ ਅਮਰਦਾਸ ਜੀ ਨੂੰ ਸਾਖਯਾਤ ਈਸ਼੍ਵਰ ਰੂਪ ਸਮਝ ਕੇ ਅਜੇਹੀ ਸੇਵਾ ਫੜੀ, ਜੋ ਦੂਸਰਾ ਕੋਈ ਏਹਨਾਂ ਜਿਹਾ ਨਾ ਹੋ ਸਕਿਆ। ਬੀਬੀ ਜੀ ਹਮੇਸ਼ਾਂ ਡੇਢ ਪਹਿਰ ਰਾਤ ਰਹਿੰਦੀ ਤੋਂ ਜਾਗ ਕੇ ਸਰਦੀਆਂ ਦੀ ਬਹਾਰੇ ਓਹ ਜਲ (ਜੇਹੜਾ ਭਾਈ ਬੱਲੂ ਨਿੱਤ ਪ੍ਰਤਿ ਬਜਾਸਾ ਵਿੱਚੋਂ ਲਯਾਯਾ ਕਰਦਾ ਸੀ) ਗ਼ਰਮ ਕਰ ਕੇ ਇਸ਼ਨਾਨ ਕਰਾਉਂਦੀ ਤੇ ਅੰਗੀਠੀ ਆਦਿਕ ਦੀ ਸੇਵਾ ਕਰਦੀ। ਏਸ ਤਰ੍ਹਾਂ ਗ਼ਰਮੀਆਂ ਨੂੰ ਪੱਖੇ ਆਦਿਕ ਦੀ ਸੇਵਾ ਕਰਦੀ ਰਹਿੰਦੀ। ਜਦ ਗੁਰੂ ਜੀ ਪੌਸ਼ਾਕੀ ਪਹਿਨ ਕੇ ਇਕਾਂਤ ਆਸਨ ਪਰ ਬੈਠ ਕੇ ਪ੍ਰਮਾਤਮਾਂ ਵਿਖੇ ਬ੍ਰਿਤੀ ਜੋੜ ਲੈਂਦੇ, ਤਾਂ ਇਹ ਪਾਸ ਚੁੱਪ ਚਾਪ ਬੈਠੀ ਰਹਿੰਦੀ। ਦਿਨ ਚੜ੍ਹੇ ਜਦ ਗੁਰੂ ਜੀ ਦੀਵਾਨ ਵਿਖੇ ਬੈਠਦੇ ਤਾਂ ਇਹ ਲੰਗਰ ਦੀ ਸੇਵਾ ਕਰਦੀ।

ਇੱਕ ਦਿਨ ਇਸ਼ਨਾਨ ਦੇ ਸਮੇਂ ਚੌਂਕੀ ਦਾ ਪਾਵਾ ਟੁੱਟ ਗਿਆ {ਚੌਂਕੀ ਦੇ ਪਾਵੇ ਵਾਲਾ ਪ੍ਰਸੰਗ} ਤਾਂ ਬੀਬੀ ਜੀ ਨੇ ਆਪਣਾ ਪੈਰ ਉਸ ਵੇਲੇ (ਗੁਰੂ ਜੀ ਤੋਂ ਬੇ ਮਲੂਮ) ਪਾਵੇ ਦੀ ਥਾਂ ਰੱਖ ਦਿੱਤਾ। ਯੱਦਪਿ ਓਥੋਂ ਇੱਕ ਮੇਖ ਵੀ ਪੈਰ ਵਿੱਚ ਐਸੀ ਗੱਡੀ ਗਈ ਕਿ ਲਹੂ ਚੱਲ ਪਿਆ, ਪਰੰਤੂ ਪੈਰ ਨਾ ਹਟਾਯਾ। ਜਦ ਗੁਰੂ ਜੀ ਇਸ਼ਨਾਨ ਕਰ ਕੇ ਉੱਤਰੇ ਤਾਂ ਲਾਲ ਰੰਗ ਦਾ ਪਾਣੀ ਵਗਦਾ ਵੇਖ ਕੇ ਜਾਂ ਨਿਰਨੇ ਕੀਤਾ ਤਦ ਬੀਬੀ ਜੀ ਦੇ ਪੈਰ ਵਿੱਚੋਂ ਕੱਢਿਆ। ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ, "ਬੀਬੀ! ਤੇਰੀ ਸੇਵਾ ਥਾਇ ਪਈ ਹੈ, ਕੁਛ ਮੰਗ।" ਤਾਂ ਬੀਬੀ ਜੀ ਨੇ ਹੱਥ ਜੋੜ ਕੇ ਆਖਯਾ, "ਜੇ ਤੁੱਠੇ ਹੋ ਤਾਂ ਮੇਰੇ ਪਤੀ ਨੂੰ ਐਸੀ ਗੁਰਿਆਈ ਬਖ਼ਸ਼ੋ ਜੋ ਫੇਰ ਮੇਰੀ ਕੁਲ ਵਿੱਚ ਹੀ ਰਹੇ।" ਗੁਰੂ ਅਮਰਦਾਸ ਜੀ ਥੋੜ੍ਹਾ ਚਿਰ ਚੁੱਪ ਕਰ ਕੇ ਬੋਲੇ, "ਬੀਬੀ! ਏਹ ਮੇਵਾ ਸੇਵਾ ਦਾ ਹੈ ਤੇ ਸੋਭਦਾ ਭੀ ਸੇਵਕ ਨੂੰ ਹੀ ਹੈ। ਦਾਵੇਦਾਰ ਨੂੰ ਨਹੀਂ ਸੋਭਦਾ। ਏਹ ਕਿਸੇ ਦੀ ਦਾਦੇ ਹਾਲੀ ਨਹੀਂ। ਜੇ ਮਲਕੀਅਤ ਸਮਝੀ ਜਾਊ ਤਾਂ ਰਹੂ ਨਹੀਂ ਤੇ ਨਾ ਹੀ ਸੁਖ ਦੇਊ। ਝਗੜੇ ਕਲੇਸ਼ ਕਰਨੇ ਪੈਣਗੇ।" ਭਾਵੇਂ ਗੁਰੂ ਜੀ ਦੀ ਮਰਜ਼ੀ ਮੌਰੂਸੀ ਵਿਰਸਾ ਕਰਨ ਦਾ ਨਹੀਂ ਸੀ ਪਰ ਬੀਬੀ ਭਾਨੀ ਜੀਨੇ ਤ੍ਰਿਆ ਹਠ ਨਾ ਛੱਡਿਆ, ਜਿਸ ਦਾ ਫ਼ਲ ਦਸਵੇਂ ਗੁਰੂ ਜੀ ਤੱਕ ਜੋ ਛੇ ਗੁਰੂ ਹੋਏ ਓਹ ਕਲੇਸ਼ਾਂ ਵਿੱਚ ਹੀ ਉਮਰ ਕੱਟਦੇ ਰਹੇ ਤੇ ਅੰਤ ਨੂੰ ਸੋਢੀਆਂ ਦੇ ਘਰ ਗੁਰਿਆਈ ਭੀ ਨਾ ਰਹੀ। ਜਿਸ ਤਰ੍ਹਾਂ ਏਸ ਪੰਥ ਦੇ ਕਾਇਦੇ (ਅਸੂਲ) ਹੋਰਨਾਂ ਮਜ਼੍ਹਬਾਂ ਤੋਂ ਚੰਗੇ ਹਨ, ਓਸੇ ਤਰ੍ਹਾਂ ਜੇ ਕਦੇ ਇੱਕ ਮਾਲਕ ਭੀ ਬਣਿਆ ਰਹਿੰਦਾ ਤਾਂ ਭਰੋਸਾ ਪੱਕਾ ਸੀ ਕਿ ਸਾਰੇ ਹਿੰਦੁਸਤਾਨ ਬਲ ਕੇ ਸਾਰੇ ਮੁਲਕ ਵਿੱਚ ਏਹੋ ਮਜ਼੍ਹਬ ਫੈਲ ਜਾਂਦਾ। ਪਰ ਇੱਕ ਦੇ ਨਾ ਹੋਣੇ ਕਰ ਘਰ ਘਰ ਗੁਰੂ ਬਣ ਬੈਠੇ।

ਗੁਰੂ ਅਮਰਦਾਸ ਜੀ ਤਾਂ ਪਹਿਲੇ ਹੀ ਗੁਰੂ ਰਾਮਦਾਸ ਜੀ ਨੂੰ ਸੱਚਾ ਸਿਦਕੀ ਸੇਵਕ ਗੁਰਿਆਈ ਦੇ ਲਾਇਕ ਸਮਝੀ ਬੈਠੇ ਸੇ। ਫੇਰ ਤਾਂ ਬੀਬੀ ਜੀ ਨੂੰ ਬਚਨ ਦੇਣ ਕਰ ਜ਼ਰੂਰੀ ਗੱਦੀ ਦੇਣੀ ਤੇ ਕਿਰਪਾ ਦ੍ਰਿਸ਼ਟੀ ਰੱਖਣੀ ਪਈ। ਗੁਰੂ ਰਾਮਦਾਸ ਨੇ ਭੀ ਸਹੁਰੇ ਜਵਾਈ ਵਾਲਾ ਸਨਬੰਧ ਛੱਡ ਕੇ ਮਨੋਂ ਤਨੋਂ ਗੁਰੂ ਸਾਹਿਬ ਨੂੰ ਪ੍ਰਮੇਸ਼੍ਵਰ ਸਮਝ ਕੇ ਵੀਹ ਵਰ੍ਹੇ ਅਜੇਹੀ ਸੇਵਾ ਕੀਤੀ, ਜੋ ਬਾਉਲੀ ਦੇ ਲੱਗਣ ਸਮੇਂ ਛੀ ਵਰ੍ਹੇ ਮੁੰਡਾਸਾ ਸਿਰ ਉਤੋਂ ਨਹੀਂ ਲਾਹਿਆ ਸੀ। ਭਾਵੇਂ ਗੁਰੂ ਅਮਰਦਾਸ ਜੀ ਦਾ ਦੂਜਾ ਜਵਾਈ 'ਰਾਮਾ' ਭੀ ਸੇਵਾ ਬਹੁਤ ਕਰਦਾ ਰਿਹਾ ਪਰ ਥੜੇ ਬਣਾਉਣ ਵੇਲੇ ਏਹੋ ਗੁਰੂ ਰਾਮਦਾਸ ਜੀ (ਜਿਨ੍ਹਾਂ ਦਾ ਪਹਿਲਾ ਨਾਮ ਜੇਠਾ ਸੀ) ਸਾਬਤ ਰਹੇ। ਏਸੇ ਪਰ ਖ਼ੁਸ਼ੀ ਹੋ ਕੇ ਗੁਰਿਆਈ ਦੀ ਗੱਦੀ ਏਨ੍ਹਾਂ ਨੂੰ ਮਿਲੀ।

---

*ਗੁਰੂ ਰਾਮਦਾਸ ਜੀ ਬਾਸਰਕੇ ਪਿੰਡ ਵਿਆਹੇ ਸੇ ਤੇ ਓਥੇ ਹੀ ਰੰਹਦੇ ਸੇ॥

ਗੁਰੂ ਰਾਮਦਾਸ ਜੀ ਦੇ ਸ਼੍ਰੀਕਾਂ ਦੀ ਹਾਨੀ

ਜਦ ਗੁਰੂ ਜੀ ਗੋਇੰਦਵਾਲ ਵਿੱਚ ਸੇ ਤਾਂ ਇੱਕ ਦਿਨ ਲਾਹੌਰੀ ਸੋਢੀ ਖਤ੍ਰੀਆਂ ਗੱਡੀਆਂ ਗੱਡੇ ਜੁੜਾਕੇ ਸੰਮਤ ੧੬੨੪ ਬਿਕ੍ਰਮੀ ਨੂੰ ਗੰਗਾ ਜੀ ਦੇ ਕੁੰਭ ਦੇ ਇਸ਼ਨਾਨ ਨੂੰ ਜਾਂਦੇ ਹੋਏ ਏਥੇ ਆ ਉੱਤਰੇ ਤੇ ਗੁਰੂ ਸਾਹਿਬ ਨੂੰ ਕਹਿ ਭੇਜਿਆ ਕਿ ਰਾਮਦਾਸ ਜੀ ਦੇ ਸ਼ਰੀਕ ਗੁਰੂ ਕੇ ਕੁੜਮ ਆਏ ਹਨ। ਏਹ ਸੁਣ ਕੇ ਗੁਰੂ ਅਮਰਦਾਸ ਜੀ ਬੋਲੇ, "ਰਾਮਦਾਸ ਦਾ ਸ਼ਰੀਕ ਕੋਈ ਨਾ ਰਹੇਗਾ ਤੇ ਗੁਰੂ ਕਿਸੇ ਦਾ ਕੁੜਮ ਨਹੀਂ।"

ਕੁਦਰਤ ਨਾਲ ਗੰਗਾ ਉੱਪਰ ਅਜੇਹੀ ਮਰੀ ਪਈ ਜੋ ਸੋਢੀ ਖੱਤ੍ਰੀ ਥੋੜੇ ਹੀ ਬੱਚੇ ਤੇ ਜੇਹੜੇ ਲਾਹੌਰ ਪੁਜੇ ਓਹ ਨਵਾਬ ਜ਼ਫਤੇਖਾਂ ਨੇ ਉਜਾੜ ਦਿੱਤੇ, ਕਿਉਂਕਿ ਏਸ ਨਵਾਬ ਦਾ ਪੁੱਤ੍ਰ ਸੋਢੀਆਂ ਨੇ ਖਾਰ ਖਾ ਕੇ ਮਾਰ ਦਿੱਤਾ ਸੀ। ਏਸ ਲਈ ਏਹ ਸਾਰਾ ਮਹੱਲਾ ਉਜਾੜ ਕੇ ਨਵਾਬ ਨੇ ਓਥੇ ਕਾਜ਼ੀ ਵਸਾ ਦਿੱਤੇ। ਫੇਰ ਮਹਾਰਾਜੇ ਰਣਜੀਤ ਸਿੰਘ ਜੀ ਨੇ ਕਾਜ਼ੀਆਂ ਤੋਂ ਜ਼ਮੀਨ ਮੁੱਲ ਲੈ ਕੇ ਗੁਰਦਵਾਰਾ ਜਨਮ ਅਸਥਾਨ ਤੇ ਦੀਵਾਨਖਾਨਾ ਬਣਾਏ ਤੇ ਆਸੇ ਪਾਸੇ ਗੋਬਿੰਦ ਮੰਦਰ ਦੇ ਬਾਬੇ ਖ਼ੁਦਾ ਸਿੰਘ ਦੀ ਧਰਮਸਾਲਾ ਬਣ ਕੇ ਓਹ ਮਹੱਲਾ ਹੁਣ ਫੇਰ ਹਿੰਦੂ ਧਰਮ ਦਾ ਰੱਖਕ ਬਣ ਗਿਆ ਹੈ।

ਗੁਰੂ ਰਾਮਦਾਸ ਜੀ ਦੀ ਉਦਾਰਤਾ

ਇਕ ਵਾਰੀ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਇੱਕ ਜੋੜੀ ਸੁਇਨੇ ਦੇ ਕੰਙਣਾਂ ਦੀ ਦਿੱਤੀ। ਓਹਨੀਂ ਦਿਨੀਂ ਇੱਕ ਬੇਨਵਾ ਫ਼ਕੀਰ {ਬੇਨਵਾ ਫ਼ਕੀਰ, ਗੁਰੂ ਜੀ ਦਾ ਧੀਰਜ} ਹਮੇਸ਼ ਸਭਾ ਲੱਗੀ ਤੋਂ ਆ ਕਰ ਏਹ ਅਵਾਜ਼ ਕਰਦਾ ਹੁੰਦਾ ਸੀ (ਭੇਜ ਦੇਵੇ ਅਮਰੂ ਕੁਛ ਭੇਜ ਦੇਹ) ਗੁਰੂ ਜੀ ਨੇ ਸੇਰ ਆਟਾ ਤੇ ਇੱਕ ਟਕਾ ਓਸ ਦਾ ਮੁਕਰਰ ਕੀਤਾ ਹੋਯਾ ਸੀ। ਜੇ ਕੋਈ ਸਿੱਖ ਏਸ ਕਬੋਲ ਤੋਂ ਓਸ ਨੂੰ ਗ਼ੁੱਸੇ ਹੋਣਾ ਚਾਹੁੰਦਾ ਤਾਂ ਗੁਰੂ ਅਮਰਦਾਸ ਜੀ ਸਿੱਖ ਨੂੰ ਵਰਜ ਦੇਂਦੇ। ਗੁਰੂ ਰਾਮਦਾਸ ਜੀ ਨੇ ਓਸ ਨੂੰ ਇੱਕ ਕੰਙਣ ਸੋਨੇ ਦਾ ਦੇ ਕੇ ਅੱਗੇ ਨੂੰ ਇਸ ਪ੍ਰਕਾਰ ਨਿਰਾਦਰੀ ਦਾ ਸ਼ਬਦ ਬੋਲਣੋਂ ਸੁਗੰਦ ਕਰਾ ਲਈ। ਪਰ ਤੀਜੇ ਕੁ ਦਿਨ ਓਨ ਫੇਰ ਓਹੋ ਅਵਾਜ਼ ਆ ਕੀਤੀ। ਗੁਰੂ ਰਾਮਦਾਸ ਜੀ ਨੇ ਦੂਜਾ ਕੰਙਣ ਦੇ ਕੇ ਦੂਣੀ ਸੁਗੰਦ ਕਰਾ ਲਈ। ਜਦ ਪੰਜ ਕੁ ਦਿਨ ਪਿੱਛੋਂ ਓਨ ਫੇਰ ਓਹੋ ਅਵਾਜ਼ ਕੀਤੀ ਤਾਂ ਏਨ੍ਹਾਂ ਨੇ ਕੁਛ ਹੋਰ ਦੇਣਾ ਚਾਹਿਆ ਪਰ ਏਹ ਬ੍ਰਿਤਾਂਤ ਜਦ ਗੁਰੂ ਅਮਰਦਾਸ ਜੀ ਨੂੰ ਮਲੂਮ ਹੋਯਾ ਤਾਂ ਆਖਿਆ, "ਜੇਠਾ ਜੀ! ਤੁਸੀਂ ਲਾਲਚ ਦੇ ਕੇ ਏਸ ਨੂੰ ਕਿਉਂ ਹਟਾਉਂਦੇ ਹੋ। ਏਹ ਤਾਂ ਨਿਰਾਦਰੀ ਦਾ ਕੁਬੋਲ ਕਰ ਕੇ ਸਾਨੂੰ ਨਿਰਮਾਨ ਕਰਦਾ ਹੈ ਤੇ ਪਰਖਦਾ ਹੈ ਅਤੇ ਤੁਸੀਂ ਨਹੀਂ ਜਾਣਦੇ ਕਿ ਲੂਣ ਖਾ ਕੇ ਨਿੰਦਾ ਕਰਨ ਵਾਲਾ ਲੂਣ ਵਾਂਗੂੰ ਗਲ ਜਾਂਦਾ ਹੈ।" ਥੋੜੇ ਦਿਨਾਂ ਪਿੱਛੋਂ ਓਸ ਦਾ ਸਰੀਰ ਕੁਸ਼ਟ ਹੋ ਕੇ ਗਲ ਗਿਆ ਤਾਂ ਲੱਗਾ ਗੁਰੂ ਜੀ ਦੀ ਮਹਿਮਾ ਤੇ ਮਿੰਨਤ ਕਰਨ। ਤਦ ਗੁਰੂ ਰਾਮਦਾਸ ਜੀ ਬੋਲੇ ਤੂੰ ਫਰੇਬੀ ਝੂਠਾ ਫ਼ਕੀਰ ਬੇਨਵਾ ਹੈਂ। ਜੇ ਸੱਚਾ ਹੋਵੇਂ ਤਾਂ ਦੀਨ ਕਿਉਂ ਹੋਵੇਂ ਦੇਹ ਤਾਂ ਮਿਥ੍ਯਾ ਹੈ। ਏਹ ਸੁਣ ਕੇ ਓਨ ਏਹਨਾਂ ਦੇ ਚਰਨ ਫੜ ਲਏ ਅਤੇ ਦੋਵੇਂ ਕੰਙਣ ਅੱਗੇ ਲਿਆ ਰਖੇ। ਏਨ੍ਹਾਂ ਨੇ ਕੰਙਣ ਭੀ ਨਾ ਲਏ ਤੇ ਓਸ ਨੂੰ ਗੁਰੂ ਸਾਹਿਬ ਪਾਸੋਂ ਬਖ਼ਸ਼ਾ ਭੀ ਦਿੱਤਾ ਜਿਸ ਕਰ ਕੇ ਓਹ ਹਮੇਸ਼ ਵਾਸਤੇ ਸਿਦਕੀ ਸਿੱਖ ਗੁਰੂ ਜੀ ਦਾ ਬਣ ਗਿਆ। ਫੇਰ ਜਦ ਗੁਰੂ ਰਾਮਦਾਸ ਜੀ ਗੱਦੀ ਉੱਤੇ ਬੈਠ ਕੇ ਸੁਤੰਤ੍ਰ ਗੁਰਿਆਈ ਕਰਨ ਲੱਗੇ ਤਾਂ ਏਨ੍ਹਾਂ ਦੇ ਸੇਵਕ ਲਾਲ ਚੰਦ ਸੁਦਾਗਰ ਨੇ ਮੋਤੀਆਂ ਦਾ ਕੰਠਾ ਏਹਨਾਂ ਦੀ ਭੇਟਾ ਕੀਤਾ। ਏਨ੍ਹਾਂ ਨੇ ਓਸੇ ਘੜੀ ਇੱਕ ਮਲੰਗ ਫ਼ਕੀਰ ਨੂੰ ਜੋ ਸਾਹਮਣੇ ਖੜਾ ਕੁਛ ਮੰਗ ਰਿਹਾ ਸੀ ਬਖ਼ਸ਼ ਦਿੱਤਾ। ਐਡੀ ਵੱਡੀ ਉਦਾਰਤਾ ਦੇਖ ਕੇ ਸਭ ਸਿੱਖ ਤੇ ਸੁਦਾਗਰ ਅਚਰਜ ਰਹਿ ਗਏ। ਓਸ ਮਲੰਗ ਨੇ ਏਸ ਖ਼ਬਰ ਨੂੰ ਸਾਰੇ ਸ਼ਹਿਰ ਵਿੱਚ ਧੁਮਾਯਾ, ਜਿਸ ਕਰ ਕੇ ਗੁਰੂ ਜੀ ਖ਼ੁਸ਼ ਨਾ ਹੋਏ।

ਰਾਮਦਾਸਪੁਰ ਦੀ ਨੀਉਂ

ਸੰ: ੧੬੨੬ ਬਿਕ੍ਰਮੀ ਨੂੰ ਜਦ ਬੀਬੀ ਭਾਨੀ ਜੀ ਦੀ ਮਾਈ ਗੁਜ਼ਰ ਗਈ ਫੇਰ ਤਾਂ ਓਹੋ ਗੱਲ ਹੋਈ 'ਭਾਈ ਵੱਸ ਭਰਜਾਈ, ਭਰਜਾਈ ਜਾਈ ਪਰਾਈ, ਤੇ ਭਤੀਜਾ ਤੀਜਾ' ਧੀਆਂ ਦਾ ਜ਼ੋਰ ਮਾਵਾਂ ਨਾਲ ਹੁੰਦਾ ਹੈ। ਹੁਣ ਬੀਬੀ ਭਾਨੀ ਜਿਸ ਦੇ ਤਿੰਨ ਪੁੱਤ੍ਰ ਦੋ ਨੋਹਾਂ ਖਾਸਾ ਪਰਵਾਰ ਹੋ ਗਿਆ ਸੀ। ਮਾਈ ਮਰੀ ਤੋਂ ਅਪਣਾ ਉਕਰ ਘਟਦਾ ਦੇਖ ਕੇ ਬਹੁਤ ਉਦਾਸ ਰਹਿਣ ਲੱਗੀ ਤਾਂ ਗੁਰੂ ਅਮਰਦਾਸ ਜੀ (ਪਿਤਾ) ਨੇ ਏਹ ਸੋਚਿਆ ਜਿਕੂੰ ਗੁਰੂ ਨਾਨਕ ਜੀ ਦੇ ਪੁੱਤ੍ਰ ਗੁਰੂ ਅੰਗਦ ਜੀ ਨਾਲ ਵਿਰੋਧ ਰੱਖਦੇ ਰਹੇ ਤੇ ਗੁਰੂ ਅੰਗਦ ਜੀ ਦੇ ਪੁੱਤ੍ਰ ਮੇਰੇ ਨਾਲ ਵੈਰ ਰੱਖਦੇ ਰਹੇ ਹਨ, ਏਸੇ ਤਰ੍ਹਾਂ ਸਾਡੇ ਪੁੱਤ੍ਰ ਰਾਮਦਾਸ ਜੀ ਨੂੰ ਭੀ ਕਲੇਸ਼ ਦੇਣਗੇ। ਏਹੋ ਸੋਚ ਕੇ ਓਸ ਥਾਂ ਜਿੱਥੋਂ ਸੰਮਤ ੧੫੫੯ ਬਿਕ੍ਰਮੀ ਨੂੰ ਰਾਮ ਤੀਰਥ ਜਾਂਦੇ ਹੋਏ ਗੁਰੂ ਨਾਨਕ ਜੀ ਦੁਪਹਿਰ ਠਹਿਰ ਕੇ ਵਰ ਦੇ ਗਏ ਸੇ (ਕਿ ਏਥੇ ਭੋਗ ਮੋਖ ਦਾ ਪ੍ਰਵਾਹ ਚੱਲੇਗਾ ਤੇ ਜਿੱਥੋਂ ਅੰਮ੍ਰਤੀ ਬੂਟੀ ਗੁਰੂ ਅਮਰਦਾਸ ਜੀ ਲਈ ਲੱਭੀ ਸੀ ਜਿਸ ਦੀ ਕਥਾ ਪਿੱਛੇ ਆ ਚੁੱਕੀ ਹੈ ਤੇ ਜਿੱਥੇ ਹੁਣ ਅੰਮ੍ਰਿਤਸਰ ਹੈ) ਢਾਬ ਦੇ ਕਿਨਾਰੇ ਜਾ ਬੈਠੇ। ਏਸ ਦੇ ਗਿਰਦ ਸੁਲਤਾਨ ਪਿੰਡ, ਤੁੰਗ, ਗੁਮਟਾਲਾ, ਗਲਵਾਲੀ ਏਹਨਾਂ ਚੌਹਾਂ ਪਿੰਡਾਂ ਦੀ ਜ਼ਮੀਨ ਲੱਗਦੀ ਸੀ। ਏਸ ਵਾਸਤੇ ਏਹਨਾਂ ਚੌਹਾਂ ਪਿੰਡਾਂ ਦੇ ਪੈਂਚ ਬੁਲਾ ਲਏ। ਭਾਵੇਂ ਤੁੰਗ ਪਿੰਡ ਵਾਲੇ ਖਿਸਰ ਫਿਸਰ ਹੋਏ, ਪਰ ਸੁਲਤਾਨ ਪਿੰਡ ਦੇ ਜੱਟਾਂ ਨੇ ਗੁਰੂ ਜੀ ਦਾ ਬਚਨ ਮੰਨ ਕੇ ਆਪਣੀ ਜੂਹ ਵਿੱਚ ੫ ਹਾੜ ਵਦੀ ੧੩ ਸੰਮਤ ੧੬੨੭ ਬਿਕ੍ਰਮੀ ਨੂੰ ਮੋੜ੍ਹੀ ਗਡਵਾ ਕੇ ਪਿੰਡਾਂ ਦਾ ਨਾਮ ਰਾਮਦਾਸਪੁਰ ਰੱਖਤਾ। ਫੇਰ ਏਹਨਾਂ ਪਿੰਡਾਂ ਦੇ ਲੋਗਾਂ ਤੇ ਸੰਗਤਾਂ ਨੇ ਤੁਰੰਤ ਛੱਪਰ ਕੋਠੇ ਤਿਆਰ ਕਰਾ ਦਿੱਤੇ ਅਤੇ ਕਈ ਦੁਕਾਨਾਂ ਬਣਾਈਆਂ, ਜਿਨ੍ਹਾਂ ਦਾ ਨਾਮ ਹੁਣ ਗੁਰੂ ਕਾ ਬਜ਼ਾਰ ਹੈ। ਫੇਰ ਇਹ ਨਗਰ ਸੰਗਤਾਂ ਦੇ ਆਉਣ ਕਰ ਕੇ ਬਹੁਤ ਹੀ ਛੇਤੀ ਵੱਸ ਗਿਆ। ਭਾਈ ਸਾਲੋ, ਰੂਪਰਾਮ, ਗੁਰੀਆ, ਗੁਰਦਾਸ, ਉਦਮ ਆਦਿਕ ਸਿੱਖਾਂ ਨੇ ੫੨ ਜਾਤ ਦੇ ਲੋਕ ਗੁਰੂ ਜੀ ਦੇ ਮਹਿਲਾਂ ਦੇ ਗਿਰਦੇ ਗਿਰਦੇ ਵਸਾ ਦਿੱਤੇ ਜੋ ਹੁਣ ਤੱਕ ਹਨ। ਜਦ ਤੱਕ ਗੁਰੂ ਅਮਰਦਾਸ ਜੀ ਬੜੀ ਪ੍ਰੀਤ ਨਾਲ ਟਹਿਲ ਕਰਦੇ ਰਹੇ ਤੇ ਓਨ੍ਹਾਂ ਦੇ ਦੇਹ ਤਿਆਗਣ ਪਿੱਛੋਂ ਗੁਰੂ ਰਾਮਦਾਸ ਜੀ ਸੁਤੰਤ੍ਰ ਗੁਰੂ ਹੋ ਕੇ ਅੰਮ੍ਰਤਸਰ ਰਹਿਣ ਲੱਗੇ ਤੇ ਗੁਰਿਆਈ ਦਾ ਕਾਰ ਬਾਰ ਸੰਭਾਲਿਆ। ਸੰਗਤਾਂ ਆ ਕੇ ਪੂਜਾ ਭੇਟ ਦੇਣ ਲੱਗੀਆਂ। ਨਾਮ ਦਾ ਤੇ ਅੰਨ ਦਾ ਲੰਗਰ ਜਾਰੀ ਹੋ ਗਿਆ ਅਤੇ ਬ੍ਰਿਧ ਗੁਰੂਆਂ ਵਾਂਗ ਏਹ ਭੀ ਸਰਬ ਪ੍ਰਕਾਰ ਗੁਰ ਸਿੱਖੀ ਦੀ ਬ੍ਰਿਧੀ ਕਰਨ ਲੱਗੇ। ਏਸੇ ਲਈ ਏਸ ਸ਼ਹਿਰ ਵੱਡੀ ਰੌਣਕ ਹੋ ਗਈ। ਤਦ ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤ੍ਰ ਪ੍ਰਿਥੀਚੰਦ, ਜੋ ਬਹੁਤ ਚੰਚਲ ਤੇ ਚਤਰ ਸਦਾਉਂਦਾ ਸੀ; ਓਸ ਨੇ ਗੁਰੂ ਚੱਕ ਦੀ ਜ਼ਮੀਨ ਦੇ ਸਾਰੇ ਖੂਹ ਆਬਾਦ ਕਰ ਦਿੱਤੇ, ਜਿਸ ਤੋਂ ਕਣਕ ਆਦਿ ਅੰਨ ਬਹੁਤ ਆਵਣ ਲੱਗਾ।

ਜਿਸ ਢਾਬੇ ਵਿੱਚੋਂ ਗੁਰੂ ਅਮਰਦਾਸ ਜੀ ਵਾਸਤੇ ਅੰਮ੍ਰਤੀ ਬੂਟੀ ਲੱਭੀ, ੭ ਕੱਤਕ ਸੰਮਤ ੧੬੩੦ ਬਿਕ੍ਰਮੀ ਨੂੰ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਓਥੇ ਤਾਲ ਪੁਟਵਾਉਣਾ ਅਰੰਭ ਕੀਤਾ ਅਤੇ ਜੇਹੜੇ ਆਵੇ ਪ੍ਰਿਥੀਚੰਦ ਜੀ ਨੇ ਆਪਣੇ ਘਰ ਤੇ ਖੂਹ ਪੱਕੇ ਬਣਵਾਉਣ ਵਾਸਤੇ ਪਕਵਾਏ ਸੇ, ਓਹੋ ਇੱਟਾਂ ਤਾਲ ਕਿਨਾਰੇ ਸਿਟਵਾ ਕੇ ਪੰਜ ਹਾੜ ਸੰਮਤ ੧੬੩੫ ਬਿਕ੍ਰਮੀ ਨੂੰ ਤਾਲ ਦੇ ਪੱਕਾ ਹੋਣ ਦੀ ਨੀਂਹ ਰਖਾਈ।

ਅੰਮ੍ਰਿਤਸਰ ਦੀ ਮਹਿਮਾਂ ਦਾ ਕਾਰਣ

ਪੋਥੀਆਂ ਵਿੱਚ ਲਿਖਿਆ ਹੈ ਕਿ ਦੁਨੀ ਚੰਦ ਖੱਤ੍ਰੀ {ਬੀਬੀ ਰਜਨੀ} ਮਾਫ਼ੀਦਾਰ ਕਸਬੇ ਪੱਟੀ ਦੇ ਘਰ ਪੰਜ ਧੀਆਂ ਸਨ। ਇੱਕ ਦਿਨ ਪਰਸਪਰ ਗੱਲਾਂ ਕਰਨ ਲੱਗੀਆਂ ਤਾਂ ਚੌਹਾਂ ਨੇ ਆਖਿਆ "ਅਸੀਂ ਬਾਪ ਦਾ ਖੱਟਿਆ ਖਾਂਦੀਆਂ ਹਾਂ," ਪਰ ਇੱਕ ਨੇ ਆਖਿਆ, "ਬਾਪ ਕਿਸੇ ਨੂੰ ਕੀ ਦੇ ਸਕਦਾ ਹੈ, ਅਸੀਂ ਆਪਣੇ ਆਪਣੇ ਕਰਮਾਂ ਦਾ ਖਾਂਦੀਆਂ ਹਾਂ।" ਏਸ ਪਰ ਓਸ ਦੇ ਬਾਪ ਮੂਰਖ ਨੇ ਖਿਝ ਕੇ ਓਸ ਦਾ ਵਿਆਹ ਇੱਕ ਕੁਸ਼ਟੀ ਨਾਲ; ਜਿਸ ਦੇ ਹੱਥ ਪੈਰ ਭੀ ਨਹੀਂ ਸੇ, ਕਰ ਦਿੱਤਾ ਤੇ ਆਖਯਾ, "ਦੇਖਾਂ! ਹੁਣ ਤੂੰ ਕਿੱਥੋਂ ਖਾਏਂਗੀ।" ਓਹ ਵਿਚਾਰੀ ਆਪਣੇ ਸਿਦਕ ਧਰਮ ਪਰ ਸ਼ਾਕਰ ਰਹਿ ਕੇ ਓਸ ਕੁਸ਼ਟੀ ਨੂੰ ਖਾਰੇ ਵਿੱਚ ਬੈਠਾ ਕੇ ਸਿਰ ਉੱਪਰ ਚੁੱਕ ਕੇ ਤੁਰ ਪਈ। ਮੰਗਦੀ ਖਾਂਦੀ ਜਦ ਸੰਮਤ ੧੬੩੭ ਬਿਕ੍ਰਮੀ ਨੂੰ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਤਲਾਉ ਕਿਨਾਰੇ; ਜੋ ਓਦੋਂ ਛੋਟੀ ਜਿਹੀ ਛਪੜੀ ਸੀ, ਪਹੁੰਚੀ ਤਾਂ ਇੱਕ ਬੇਰੀ ਦੇ ਦਰਖਤ ਹੇਠ (ਜੋ ਹੁਣ ਦੁਖਭੰਜਨੀ ਬੇਰ ਸਦਾਉਂਦੀ ਹੈ) ਆਪਣੇ ਕੁਸ਼ਟੀ ਪਤੀ ਦਾ ਖਾਰਾ ਰੱਖ ਕੇ ਗੁਰੂ ਜੀ ਦੇ ਦਰਸ਼ਨ ਤੇ ਲੰਗਰੋਂ ਪਰਸ਼ਾਦਾ ਲੈਣ ਗਈ। ਪਿੱਛੋਂ ਓਸ ਪਿੰਗਲੇ ਨੇ ਡਿਠਾ ਕਿ ਕਾਉਂ ਆਯਾ ਹੈ ਤੇ ਜਾਂ ਓਹ ਛਪੜੀ ਵਿੱਚੋਂ ਨਹਾ ਕੇ ਨਿੱਕਲਿਆ ਤਾਂ ਸੁਫ਼ੈਦ ਹੰਸ ਹੋ ਗਿਆ ਹੈ। ਏਹ ਦੇਖ ਓਹ ਪਿੰਗਲਾ ਭੀ ਰੁੜ੍ਹ ਰੁੜ੍ਹ ਕੇ ਓਸ ਛਪੜੀ (ਦੁਖ ਭੰਜਨੀ ਬੇਰ) ਵਿੱਚ ਪੈ ਗਿਆ ਤੇ ਦਿਲ ਵਿੱਚ ਏਹ ਧਾਰਿਆ ਕਿ ਜੇ ਚੰਗਾ ਹੋ ਗਿਆ ਤਾਂ ਬੜੀ ਖ਼ੁਸ਼ੀ ਹੈ। ਨਹੀਂ ਤਾਂ ਏਹ ਜੋ ਜੀਂਵਦਾ ਹੀ ਨਰਕ ਭੋਗ ਰਿਹਾ ਹਾਂ, ਏਸ ਤੋਂ ਤਾਂ ਡੁੱਬ ਕੇ ਛੁਟਕਾਰਾ ਹੋਊ। ਪਰੰਤੂ:

ਮਃ ੧ ॥
ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥੨॥

(ਵਾਰ-ਸਿਰੀਰਾਗੁ, ਮਃ ੧ – ੯੧)

ਓਸ ਦਾ ਸਰੀਰ ਅਰੋਗ ਹੋ ਗਿਆ ਤੇ ਹੱਥ ਪੈਰ ਸਾਬਤ ਹੋ ਕੇ ਸੁਵਰਨ ਵਰਗਾ ਹੋ ਬੈਠਾ। ਜਦ ਓਹ ਇਸਤ੍ਰੀ ਦੇਖ ਕੇ ਘਬਰਾਈ ਤਾਂ ਪੁਰਸ਼ ਨੇ ਕਿਹਾ, "ਹੇ ਧਰਮਾਤਮਾ ਸਤਵੰਤੀ! ਮੈਂ ਤੇਰੇ ਹੀ ਸਤ ਧਰਮ ਦੇ ਪ੍ਰਤਾਪ ਨਾਲ ਅਰੋਗ ਹੋ ਗਿਆ ਹਾਂ, ਤੂੰ ਡਰ ਨਹੀਂ ਮੈਂ ਹੀ ਤੇਰਾ ਪਤੀ ਹਾਂ।" ਓਸ ਨੇ ਓਸ ਨੂੰ ਸਾਰੇ ਗੋਹਜ ਪਤੇ ਅਤੇ ਕਾਵਾਂ ਦਾ ਰੰਗ ਪਲਟਿਆ ਭੀ ਦਿਖਾਯਾ ਪਰ ਓਸ ਦੇ ਮਨ ਦਾ ਸੰਸਾ ਨਾ ਗਿਆ। ਓੜਕ ਦੋਹਾਂ ਨੇ ਜਦ ਗੁਰੂ ਰਾਮਦਾਸ ਜੀ ਪਾਸ ਜਾ ਕੇ ਸਾਰਾ ਬ੍ਰਿਤਾਂਤ ਸੁਣਾਯਾ ਤਾਂ ਓਹਨਾਂ ਆਖਯਾ, "ਬੀਬੀ! ਏਹੋ ਤੇਰਾ ਪਤੀ ਹੈ। ਤੇਰੇ ਸਤ ਤੇ ਤੀਰਥ ਦੀ ਸ਼ਕਤੀ ਨਾਲ ਏਸ ਦੀ ਕਾਯਾ ਪਲਟ ਗਈ ਹੈ।" ਤਾਂ ਓਸ ਪਤਿਬ੍ਰਤਾ ਨੇ ਓਸ ਨੂੰ ਆਪਣਾ ਪਤੀ ਨਿਸਚੇ ਕੀਤਾ। ਫੇਰ ਓਹ ਦੋਵੇਂ ਗੁਰੂ ਜੀ ਦੀ ਟਹਿਲ ਵਿੱਚ ਹਾਜ਼ਰ ਹੋ ਕੇ ਪਰਮਪਦ ਦੇ ਭਾਗੀ ਹੋਏ। ਤੇ ਓਧਰ ਜਦ ਏਸ ਬੀਬੀ ਦੇ ਪਿਤਾ ਦੁਨੀ ਚੰਦ ਨੂੰ ਏਹ ਖ਼ਬਰ ਹੋਈ ਤਾਂ ਏਸੇ (ਪਿੰਗਲੇ) ਨੂੰ ਆਪਣਾ ਵਾਰਸ ਬਣਾ ਦਿੱਤਾ, ਕਿਉਂਕਿ ਓਸ ਦੇ ਘਰ ਕੋਈ ਪੁੱਤ੍ਰ ਨਹੀਂ ਸੀ। ਏਧਰ ਗੁਰੂ ਜੀ ਨੇ ਓਸ ਘਾਟ ਦਾ ਨਾਉਂ ਦੁਖਭੰਜਨੀ ਰੱਖ ਕੇ ਇਸ ਦੇ ਪ੍ਰਥਾਇ ਸ਼ਬਦ ਉਚਾਰਨ ਕੀਤਾ:

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ਹ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥

(ਗੂਜਰੀ, ਮਃ ੪ – ੪੯੩)

ਅਕਬਰ ਬਾਦਸ਼ਾਹ ਦਾ ਆਉਣਾ

ਸੰਮਤ ੧੬੩੬ ਬਿਕ੍ਰਮੀ ਨੂੰ ਜਦ ਅਕਬਰ ਨੇ ਕਾਬਲ ਦੀ ਤਰਫੋਂ ਦੌਰਾ ਕਰ ਕੇ ਆਉਂਦੇ ਹੋਏ ਗੁਰੂ ਜੀ ਦੀ ਮਹਿਮਾ ਸੁਣ ਕੇ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ ਅਤੇ ੧੦੧ (ਅਕੋਤ੍ਰ ਸੌ) ਮੋਹਰਾਂ ਅੱਗੇ ਰੱਖੀਆਂ ਤਾਂ ਗੁਰੂ ਜੀ ਦੀ ਮਰਜ਼ੀ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਚੁੱਕ ਕੇ ਗ਼ਰੀਬਾਂ ਮੋਹਤਾਜਾਂ ਨੂੰ ਵੰਡ ਦਿੱਤੀਆਂ। ਬਾਦਸ਼ਾਹ ਨੇ ਲਾਹੌਰ ਦੇ ਕਾਰਦਾਰ ਨੂੰ ਹੁਕਮ ਦੇ ਕੇ ਗੁਰੂ ਚੱਕ ਦੀ ਹੱਦਬੰਦੀ ਕਰਾ ਕੇ, ਉਨ੍ਹਾਂ ਬਾਰਾਂ ਪਿੰਡਾਂ ਉੱਤੇ ਜਿਨ੍ਹਾਂ ਦੀ ਸਨਦ ਪਹਿਲੇ ਗੁਰੂ ਅਮਰਦਾਸ ਜੀ ਦੀ ਨਜ਼ਰ ਚੁੱਕੀ ਸੀ; ਦਖਲ ਕਰਾ ਦੇਣ ਦਾ ਹੁਕਮ ਦਿੱਤਾ। ਤਾਂ ਗੁਰੂ ਰਾਮਦਾਸ ਜੀ {ਗੁਰੂ ਰਾਮਦਾਸ ਜੀ ਦਾ ਤਿਆਗ} ਬੋਲੇ, "ਫ਼ਕੀਰਾਂ ਦੀ ਜਗੀਰ ਚਾਰੇ ਚੱਕ ਹੈ। ਅਸੀਂ ਗੁਰੂ ਨਾਨਕ ਜੀ ਦੇ ਘਰ ਨੂੰ ਕਿਸੇ ਦਾ ਜਾਗੀਰਦਾਰ ਨਹੀਂ ਕਰਨਾ ਚਾਹੁੰਦੇ।" ਜਿਸ ਤਰ੍ਹਾਂ ਮੇਘ ਬਰਸੇ ਤੋਂ ਸਾਉਣ ਵਿੱਚ ਮੱਛਰ, ਬ੍ਰਿਖ ਸਰਪ ਪੈਦਾ ਹੋ ਕੇ ਦੁਖਦਾਈ ਹੁੰਦੇ ਹਨ ਤੈਸੇ ਹੀ ਜਾਗੀਰ ਭੀ ਕਾਮ, ਕ੍ਰੋਧ, ਲੋਭ, ਈਰਖਾ, ਬਖੀਲੀ, ਪ੍ਰਾਧੀਨਤਾ, ਲੜਾਈ ਝਗੜੇ ਪੈਦਾ ਕਰਨ ਵਾਲੀ ਹੈ। ਅਸੀਂ ਕੇਵਲ ਏਹੋ ਚਾਹੁੰਦੇ ਹਾਂ ਕਿ ਜੋ ਕੁਛ ਸਿੱਖ ਸੇਵਕ ਸ਼ਰਧਾ ਨਾਲ ਕਮਾਈ ਵਿੱਚੋਂ ਭੇਟਾ ਦੇ ਜਾਣ, ਓਹੋ ਛਕ ਛਕਾ ਕੇ ਅਨੰਦ ਰਹੀਏ ਤੇ ਈਸ਼੍ਵਰ ਦਾ ਧੰਨਵਾਦ ਕਰਦੇ ਰਹੀਏ।" ਏਹ ਬਾਤ ਸੁਣ ਕੇ ਬਾਦਸ਼ਾਹ ਬਹੁਤ ਰਾਜ਼ੀ ਹੋਯਾ ਅਤੇ ਗੁਰੂ ਸਾਹਿਬ ਨੂੰ ਸੱਚੇ ਸੰਤ ਨਿਰਲੋਭ ਸਮਝ ਕੇ ਸਲਾਮ ਕਰ ਗਿਆ। ਫੇਰ ਤਾਂ ਬਾਦਸ਼ਾਹ ਦੇ ਆਉਣੇ ਕਰ ਓਸ ਦਿਨ ਤੋਂ ਸ਼ਾਹੀ ਹਾਕਮ ਤੇ ਪਰਜਾ ਸਭ ਗੁਰੂ ਜੀ ਵੱਲ ਝੁਕ ਪਈ, ਜਿਸ ਤੋਂ ਰੌਣਕ ਬਹੁਤ ਵਧ ਗਈ।

ਗੁਰੂ ਰਾਮਦਾਸ ਜੀ ਦਾ ਆਚਰਨ

ਏਹ ਗੁਰੂ ਸਾਹਿਬ ਭੀ ਪਿਛਲੇ ਗੁਰੂਆਂ ਵਾਂਗ ਨਿੱਤ ਸਵਾ ਪਹਿਰ ਦੇ ਤੜਕੇ ਸੌਚ ਇਸ਼ਨਾਨ ਕਰ, ਤਾੜੀ ਲਾ ਕੇ ਆਤਮਾ ਪ੍ਰਮਾਤਮਾ ਦੇ ਸਰੂਪ ਵਿੱਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪੌਹ ਫੁੱਟੀ ਤੋਂ ਸਭਾ ਵਿੱਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ, ਜੋ ਸੱਤਾ ਬਲਵੰਡ (ਸਾਦੂ ਬਾਦੂ ਦੇ ਪੁੱਤ੍ਰ ਤੇ ਰਜ਼ਾਦੇ ਦੇ ਪੋਤ੍ਰੇ) ਕਰਿਆ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦੇਂਦੇ। ਫੇਰ ਸਭ ਨੂੰ ਸਮ ਲੰਗਰ ਵਰਤਾ ਕੇ ਦੋ ਪਹਿਰ ਨੂੰ ਤੰਬੂਰਾ ਵਜਵਾ ਕੇ ਪਰਮੇਸ਼੍ਵਰ ਤੇ ਗੁਰਾਂ ਦੇ ਗੁਣਾਨੁਬਾਦ, ਸੰਤਾਂ ਦੀ ਮਹਿਮਾ ਦੇ ਭਰੇ ਹੋਏ ਸ਼ਬਦ ਨਵੇਂ ਨਵੇਂ ਰਚ ਕੇ ਐਸੀ ਰਸੀਲੀ ਤੇ ਮਿੱਠੀ ਮਿੱਠੀ ਸੁਰ ਨਾਲ ਗਾਉਂਦੇ, ਜੋ ਸੁਣਨ ਵਾਲੇ ਤਨੋਂ ਮਨੋਂ ਦਾਸ ਹੋ ਰਹਿੰਦੇ। ਏਨ੍ਹਾਂ ਦਾ ਵੈਰਾਗ ਤੇ ਪ੍ਰੇਮਾ ਭਗਤੀ ਤਾਂ ਏਨ੍ਹਾਂ ਦੇ ਸ਼ਬਦਾਂ ਤੋਂ ਹੀ (ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਨ) ਪ੍ਰਗਟ ਹੈ। ਉਦਾਰ ਐਸੇ ਹਨ ਕਿ ਜੋ ਕੁਛ ਪੂਜਾ ਭੇਟ ਕੋਈ ਦੇ ਜਾਂਦਾ, ਓਸੇ ਵੇਲੇ ਗ਼ਰੀਬਾਂ ਅਨਾਥਾਂ ਨੂੰ ਵੰਡ ਦਿੰਦੇ। ਏਸੇ ਲਈ ਪ੍ਰਿਥੀਚੰਦ ਆਪ ਯਾ ਉਨ੍ਹਾਂ ਦਾ ਕੋਈ ਆਦਮੀ ਗੁਰੂ ਸਾਹਿਬ ਦੇ ਪਾਸ ਹਾਜ਼ਰ ਰਹਿੰਦਾ ਤੇ ਜੋ ਪੂਜਾ ਭੇਟ ਆਉਂਦੀ ਓਹ ਲੰਗਰ ਦੇ ਖ਼ਰਚ ਵਿੱਚ ਲਾਉਂਦਾ। ਕਿਉਂਕਿ ਮਹਾਂਦੇਵ ਜੀ ਤਾਂ ਮਸਤ ਅਵਧੂਤ ਰਹਿੰਦੇ ਤੇ ਗੁਰੂ ਅਰਜਨ ਜੀ ਗੁਰੂ ਸਾਹਿਬ ਦੀ ਟਹਿਲ ਸੇਵਾ ਵਿੱਚ ਹਾਜਰ ਰਹਿੰਦੇ ਅਤੇ ਕੁੱਲ ਖ਼ਰਚ ਵਿਹਾਰ ਕਾਰੋਬਾਰ ਪ੍ਰਿਥੀਚੰਦ ਜੀ ਕਰਦੇ। ਸੋ ਏਸੇ ਲਈ ਓਨ੍ਹਾਂ ਨੂੰ ਮਾਯਾ ਦਾ ਖ਼ਿਆਲ ਹਰ ਵੇਲੇ ਰਹਿੰਦਾ ਸੀ।

ਸਿੱਖੀ ਦੇ ਲੱਖਣ ਤੇ ਉਪਦੇਸ਼

ਇਕ ਦਿਨ ਸਤਸੰਗ ਵਿੱਚ ਬੈਠਿਆਂ ਹੋਯਾਂ ਮਨਮੁਖਾਂ ਗੁਰਮੁਖਾਂ ਦਾ ਪ੍ਰਸੰਗ ਸੁਣ ਕੇ ਭਾਈ ਗੁਰਮੁਖ ਨਾਮ ਪਸ਼ੌਰੀ ਸਿੱਖ ਨੇ ਗੁਰਮੁਖ ਸਿੱਖ ਦਾ ਦਰਸ਼ਨ ਕਰਨਾ ਚਾਹਿਆ ਤਾਂ ਗੁਰੂ ਰਾਮਦਾਸ ਜੀ ਨੇ ਓਸ ਨੂੰ ਗੁਜਰਾਤ ਸ਼ਹਿਰ ਵਿੱਚ ਭਾਈ {ਭਾਈ ਭਿਖਾਰੀ} ਭਿਖਾਰੀ ਪਾਸ ਭੇਜ ਦਿੱਤਾ। ਅੱਗੇ ਭਾਈ ਭਿਖਾਰੀ ਆਪਣੇ ਇਕਲੌਤੇ ਪੁੱਤ੍ਰ ਦੇ ਵਿਆਹ ਦੀ ਤਯਾਰੀ ਕਰਾ ਰਿਹਾ ਸੀ ਤੇ ਦਰਜ਼ੀ, ਸੁਨਿਆਰੇ, ਹਲਵਾਈ ਆਪਣੇ ਆਪਣੇ ਕੰਮ ਵਿੱਚ ਲਗ ਰਹੇ ਸੇ। ਭਾਈ ਭਿਖਾਰੀ ਨੇ ਗੁਰਮੁਖ ਦੀ ਸੇਵਾ ਬਹੁਤ ਕੀਤੀ। ਜਾਂ ਭਾਈ ਗੁਰਮੁਖ ਨੇ ਓਹੋ ਪ੍ਰਸ਼ਨ ਭਾਈ ਭਿਖਾਰੀ ਨਾਮ ਖਤ੍ਰੀ ਅੱਗੇ ਕੀਤਾ ਤਾਂ ਓਨ ਆਖਿਆ, "ਭਾਈ ਸਿੱਖਾ! ਗੁਰੂ ਸਾਹਿਬ ਤਾਂ ਸਰਬ ਪ੍ਰਕਾਰ ਦੇ ਸੰਸੇ ਰੂਪ ਅੰਧੇਰੇ ਨੂੰ ਦੂਰ ਕਰਨ ਵਾਲੇ ਸੂਰਜ ਵਤ ਹਨ। ਪਰ ਈਸ਼੍ਵਰ ਤੇ ਸਤਿਗੁਰੂ ਦਾ ਸੁਭਾਵ ਆਪਣੇ ਦਾਸਾਂ ਨੂੰ ਵਡਿਆਈ ਦੇਣ ਦਾ ਹੈ। ਤੁਸੀਂ ਕੁਛ ਦਿਨ ਟਿਕੋ। ਵਯਾਹ ਪਿੱਛੋਂ ਉੱਤਰ ਮਿਲ ਜਾਊ।" ਭਾਈ ਗੁਰਮੁਖ ਓਸ ਦੇ ਭਾਉ ਭਗਤਿ ਨੂੰ ਦੇਖ ਕੇ ਓਸੇ ਦੀ ਸੰਗਤ ਕਰਦਾ ਰਿਹਾ। ਭਿਖਾਰੀ ਜਿਕੂੰ ਵਯਾਹ ਦੇ ਸਾਮਾਨ ਕਰਦਾ ਸੀ ਏਸੇ ਤਰ੍ਹਾਂ ਓਸ ਨੇ ਮ੍ਰਿਤਕ ਦੀ ਸਮਿਗ੍ਰੀ ਭੀ ਗੁਪਤ ਤਿਆਰ ਕੀਤੀ ਤਾਂ ਭਾਈ ਗੁਰਮੁਖ ਨੇ ਪੁੱਛਿਆ ਕਿ ਏਹ ਮਿਰਤਕ ਸਮਿਗਰੀ ਕਿਉਂ ਕੱਠੀ ਕੀਤੀ ਹੈ? ਤਦ ਭਿਖਾਰੀ ਨੇ ਆਖਿਆ ਕਿ ਏਹ ਪੰਜਵੇਂ ਦਿਨ ਕੰਮ ਆਊ। ਏਹ ਸੁਣ ਕੇ ਗੁਰਮੁਖ ਚੁੱਪ ਕਰ ਰਿਹਾ ਤੇ ਭਿਖਾਰੀ ਓਸੇ ਤਰ੍ਹਾਂ ਵਿਆਹ ਦੇ ਸਾਮਾਨ ਵਿੱਚ ਲਗ ਗਿਆ। ਜਾਂ ਪੰਜਵੇਂ ਦਿਨ ਬਯਾਹ ਕੇ ਆਏ ਤਾਂ ਹੈਜ਼ਾ ਹੋ ਕੇ ਭਿਖਾਰੀ ਦਾ ਪੁੱਤ੍ਰ ਮਰ ਗਿਆ। ਓਸ ਵੇਲੇ ਓਹ ਸਾਰੀ ਮ੍ਰਿਤੂ ਸਾਮਿਗ੍ਰੀ ਕੰਮ ਆਈ। ਏਹ ਦੋਵੇਂ ਕੰਮ ਭਾਈ ਭਿਖਾਰੀ ਜੀ ਨੇ ਇੱਕ ਰਸ ਬ੍ਰਿਤੀ ਨਾਲ ਨਿਬਾਹੇ ਅਰਥਾਤ ਖ਼ੁਸ਼ੀ ਗ਼ਮੀ ਕੋਈ ਜ਼ਾਹਰ ਨਾ ਕੀਤੀ। ਗੁਰਮੁਖ ਨੇ ਹੈਰਾਨ ਹੋ ਕੇ ਆਖਿਆ, "ਭਾਈ ਭਿਖਾਰੀ! ਜੇ ਤੂੰ ਜਾਣਦਾ ਸੈਂ ਕਿ ਏਸ ਲੜਕੇ ਨੇ ਮਰ ਜਾਣਾ ਹੈ ਤਾਂ ਏਤਨਾ ਅਡੰਬਰ ਕਿਉਂ ਕੀਤਾ ਤੇ ਵਯਾਹ ਕਿਉਂ ਰਚਾਯਾ?" ਭਾਈ ਭਿਖਾਰੀ ਨੇ ਕਿਹਾ, "ਭਾਈ ਗੁਰਮੁਖਾ! ਜਾਣ ਬੁਝ ਕੇ ਤੇ ਸਮਰਥ ਹੋ ਕੇ ਭੀ ਪ੍ਰਭੂ ਦੀ ਰਜ਼ਾ ਵਿੱਚ ਵਰਤਣਾਂ ਤੇ ਓਸ ਦੇ ਕੀਤੇ ਨੂੰ ਨਾ ਮੋੜਨਾ, ਏਹੋ ਗੁਰਮੁਖ ਪੁਣਾ ਹੈ।"

ਚੌਪਈ: ਏਹ ਬਚਨ ਸੁਣ ਗੁਰਮੁਖ ਬੋਲਾ। ਧੰਨ ਗੁਰੂ ਕੇ ਸਿੱਖ ਅਮੋਲਾ।
ਗੁਰਮੁਖ ਚਲ ਗੁਰ ਕੇ ਢਿਗ ਆਯੋ। ਜੋ ਦੇਖਯੋ ਸਭ ਉਚਰ ਸੁਨਾਯੋ।
ਭੇਖਾਰੀ ਸਮ ਜੋ ਸਿੱਖ ਹੋਵਤ। ਜਨਮ ਮਰਨ ਕੇ ਬੰਧਨ ਖੋਵਤ।
ਗੁਰ ਸੀਖਯਾ ਸਿੱਖ ਧਾਰਤ ਜੋਈ। ਨਿਰੰਕਾਰ ਖੁਸ਼ਿ ਤਾਂ ਪਰ ਹੋਈ।
ਗੁਰੂ ਨਾਨਕ ਭੀ ਇਹੋ ਬਖਾਨੀ। ਆਸਾ ਵਾਰ ਬੀਚ ਸੁਖ ਦਾਨੀ।
'ਸਿਖੀ ਸਿਖਿਆ ਗੁਰ ਵੀਚਾਰੁ। ਨਦਰੀ ਕਰਮੁ ਲੰਘਾਏ ਪਾਰ।'
ਰਾਜ਼ੀ ਰਹੇ ਰਜਾਇ ਵੀਚ ਸਦ। ਸੋਊ ਪਾਵਤ ਸਿੱਖ ਪਰਮ ਪਦ।
ਜਪ ਤਪ ਜੋਗ ਜਗਯ ਤੈ ਜੋ ਫਲ। ਹੋਵਤ ਪ੍ਰਾਪਤ ਸੇਵਾ ਤੇ ਭਲ।
ਸਿਖ ਸਾਧੁ ਅਭਯਾਗਤ ਜੋਈ। ਆਇ ਆਪਨੇ ਦਰ ਪਰ ਕੋਈ।
ਤਯਾਗ ਹੰਗਤਾ ਟਹਿਲ ਕਰੀਜੈ। ਅਸਨ ਬਸਨ ਜਬ ਜੋਗਹਿ ਦੀਜੈ।
ਅੰਤਹਿ ਕਰਨ ਹੋਤ ਸੁਧ ਤਾਂ ਤੈ। ਭਗਤੀ ਹੋਤ ਪ੍ਰਾਪਤ ਵਾਂ ਤੈ।
ਭਗਤੀ ਤੇ ਹੋਵਤ ਬ੍ਰਹਮ ਗਿਆਨ। ਹੋਤ ਗਿਆਨ ਤੇ ਮੁਕਤਿ ਮਹਾਨ।
ਫਿਰ ਸਿੱਖਨ ਕਰ ਜੋਰ ਉਚਾਰਾ। ਗ੍ਰੇਹੀ ਸੇਵੈਂ ਕਿਸ ਪ੍ਰਕਾਰਾ।
ਨਹਿ ਬਿਉਪਾਰ ਘਰਾਂ ਕੇ ਮੁਕ ਹੈਂ। ਭਜਨ ਬੀਚ ਮਨ ਛਿਨ ਨਹਿ ਰੁਕ ਹੈਂ।
ਬੋਲੇ ਗੁਰ ਸਿਖਨ ਸੁਖਦਾਈ। ਧਰਮਸਾਲ ਇੱਕ ਰਖੋ ਬਨਾਈ।
ਜੋ ਸਿੱਖ ਸਾਧੁ ਤਹਾਂ ਚਲਿ ਆਵੈ। ਅਸਨ ਬਸਨ ਦਿਹੁ ਜੋ ਬਨ ਆਵੈ।
ਪਰਮਾਰਥ ਕੀ ਬਾਤ ਚਲਾਵੋ। ਕਰ ਸਤ ਸੰਗਤ ਗੁਨਹਿ ਗਵਾਹੋ।

ਐਸ ਸੰਤ ਕੋਊ ਚਲਿ ਐਹੇ। ਦੈ ਬ੍ਰਹਮ ਗਯਾਨ ਕਲਿਆਨ ਕਰੈ ਹੈ।
ਇਸ ਪਰ ਸੁਨੋ ਏਹ ਦ੍ਰਿਸ਼ਟਾਂਤ। ਸੇਵੇ ਕਿਨਹੁੰ ਪੰਛੀ ਜਾਤਿ।
ਬਿਹੰਗਨ ਤੇ ਮਹਿਮਾ ਸੁਨ ਹੰਸ। ਆਏ ਪਹੁੰਚੇ ਤਹਿ ਨਿਰਸੰਸ।
ਮੋਤੀ ਉਨ ਕੋ ਤਾਂਹਿ ਚੁਗਾਹੇ। ਹੋਈ ਖੁਸ਼ੀ ਉਨ ਲਾਲ ਉਗਲਾਏ।
ਦਾਰਿਦ ਦੂਰ ਭਯੋ ਸਭ ਤਾਂ ਕਾ। ਸੰਤ ਸੇਵ ਮੈਂ ਤਯੋਂ ਮਨ ਜਾਂ ਕਾ।
ਬ੍ਰਹਮ ਗਯਾਨ ਤਿਹ ਮਿਲ ਹੈਂ ਲਾਲ। ਜਾਂ ਤੇ ਮੁਕਤੀ ਮਿਲਤ ਬਿਸਾਲ।
ਦਾਰਿਦ ਜਨਮ ਮਰਨ ਮਿਟ ਜਾਵਤ। ਹੋਵਤ ਪਰਮਾਨੰਦ ਪ੍ਰਾਪਤ।
ਸ੍ਰੀ ਗੁਰ ਤੇ ਯਹਿ ਸੁਨ ਉਪਦੇਸ਼। ਸੁਨ ਕਮਾਇ ਸਭ ਕਟੇ ਕਲੇਸ਼।
ਸੁੱਧ ਸ੍ਵਰਨ ਸਮ ਸੰਗਤ ਕੇ ਮਨ। ਗੁਰ ਉਪਦੇਸ਼ ਖਚਿਓ ਮੁਕਤਾ ਮਨਿ।
ਬਨ ਉਪ ਬਨ ਸਮ ਸੰਗਤਿ ਸਾਰੀ। ਗੁਰ ਬਾਨੀ ਸੁਚ ਮਲਜ ਬਿਆਰੀ।
ਕਰਤ ਸੁਗੰਧਿਤ ਸਕਦ ਗੁਨ ਯੁਤ ਹੈ। ਉਭੇ ਲੋਕ ਤਿਹ ਹੋਵਤ ਨੁਤ ਹੈ।
ਸਿੱਖਨ ਅੰਤਹਕਰਨ ਸਰੋਵਰ। ਗੁਰੂ ਬਚਨ ਜਲ ਸੁਧਾ ਸਹੋਵਰ।
ਮਨ ਸਿੱਖਨ ਕੇ ਧਾਤੁ ਅਨੇਕਾ। ਪਾਰਸ ਗੁਰੂ ਉਪਦੇਸ਼ ਬਿਬੇਕਾ।
ਚਾਤ੍ਰਿਕ ਚਿਤ ਸਿੱਖਨ ਕੇ ਪਯਾਸੇ। ਸ੍ਵਾਂਤਿ ਬੂੰਦ ਗੁਰ ਬਚਨ ਪ੍ਰਕਾਸੇ।
ਸ੍ਰੀ ਗੁਰਮੁਖ ਸਸਿ ਸ਼੍ਰਵੱਤ ਸਦਾ। ਨੈਨ ਚਕੋਰ ਸਖਨ ਲਹਿੰ ਮੁਦਾ।
ਗੁਰ ਉਪਦੇਸ਼ ਸਿੱਖ ਸਭ ਸੁਨ ਕੈ। ਲਗੇ ਕਮਾਵਨ ਸਾਚੇ ਗੁਨ ਕੈ।
ਤਾਂਹੀ ਸਮੇਂ ਏਕ ਸਿੱਖ ਔਰ। ਸੰਭੜਵਾਲ ਕਾ ਖਤ੍ਰੀ ਗੌਰ।
ਤੀਰਥੀਆ ਉਨ ਹਾਥ ਜੋਰ ਕੈ। ਅਰਜ਼ ਕਰੀ ਗੁਰੂ ਢਿਗ ਨਿਹੋਰ ਕੈ।
ਹੇ ਗੁਰੂ ! ਜਿਹ ਬਿਧਿ ਜਮ ਕੇ ਬੰਧਨ। ਕਟੇ ਜਾਇ ਹੁਇ ਮੁਕਤਿ ਸੁਛੰਦਨ।
ਸੋ ਉਪਾਇ ਕ੍ਰਿਪਾ ਕਰ ਕਹੋ। ਦਾਸਨ ਕੋ ਸੰਸੇ ਦੁਖ ਦਹੋ।
ਯਾ ਬਿਧਿ ਬਚਨ ਕੀਨ ਗੁਰੂ ਤਬੈ। ਬੋਲਹੁ ਸਾਚੁ ਕਟੈਂ ਦੁਖ ਸਭੈ।
ਸਾਚੇ ਪ੍ਰਭੂ ਕਾ ਸਿਮਰਨ ਕਰੋ। ਦੇਵੀ ਦੇਵ ਔਰ ਪਰਹਰੋ।
ਮੜ੍ਹੀ ਮਸਾਣ ਪੀਰ ਮਕਾਨੋ। ਮਾਨਨ ਪੂਜਨ ਇਨੈ ਨ ਠਾਨੋ।
ਏਕ ਅਕਾਲ ਉਪਾਸ਼ੋ ਪਿਆਰੇ। ਛਕੋ ਧਰਮ ਕੀ ਕਰ ਸੁਭ ਕਾਰੇ।
ਸੰਗਤ ਨਿਤ ਸੰਤਨ ਕੀ ਕੀਜੈ। ਭਗਤੀ ਗਯਾਨ ਧਾਰ ਦਿਢ ਲੀਜੈ।
ਕਰੌ ਸਾਚ ਕਾ ਸਭ ਬਿਵਹਾਰ। ਸੁਖ ਸੰਪਤਿ ਜਯੋਂ ਬਢੈ ਅਪਾਰ।
ਏਕ ਬੋਲ ਇੱਕ ਤੋਲ ਰਖੀਜੈ। ਸੁਕ੍ਰਿਤ ਕਰੋ ਸਰਬ ਦੁਖ ਛੀਜੈ।
ਜਗ ਮੈਂ ਸੁਜਸ ਲਾਭ ਬਡ ਹੋਈ। ਲੋਕ ਪ੍ਰਲੋਕ ਸਮਰ ਹੈਂ ਦੋਈ।
ਸੁਨ ਉਪਦੇਸ਼ ਸਿੱਖਨ ਦਿਢ ਧਾਰਾ। ਲਹਯੋ ਪਰਮ ਪਦ ਅਧਿਕ ਉਦਾਰਾ।
ਜੋ ਉਪਦੇਸ਼ ਸਤਿਗੁਰੂ ਭਾਖਾ। ਸੋ ਸਭ ਸਿੱਖਨ ਗਹਿ ਉਰ ਰਾਖਾ।
ਜਾਂ ਤੇ ਉਨ ਕੀ ਭਈ ਕਲਿਆਨ। ਗਯਾਨ ਭਯੋ ਦਿਢ ਗਯੋ ਅਗਯਾਨ।
ਜੋ ਸਿੱਖ ਅਬ ਭੀ ਭਗਤ ਕਮੈ ਹੈ। ਤੀਨ ਈਛਨਾ ਦਿਲੋ ਤਜੈ ਹੈ।
ਬਿਤ ਸੁਤ ਲੋਕ ਵਾਸਨਾ ਤੀਨੇ। ਛੋਰ ਸੇਵ ਹੈਂ ਸੰਤ ਪ੍ਰਬੀਨੇ।
ਨਿਸਚੇ ਸੋਊ ਪਰਮ ਪਦ ਪਾਵਤ। ਬੇਦ ਸੰਤ ਗੁਰ ਇਹੈ ਬਤਾਵਤ।
ਰੀਤ ਇਹੈ ਗੁਰ ਸਿੱਖੀ ਕੇਰੀ। ਰਾਮਦਾਸ ਗੁਰੂ ਜੋ ਹੈ ਟੇਰੀ।
ਜੇ ਸਿਦਕੀ ਸਿੱਖ ਦਿਲ ਉਰ ਧਾਰਤ। ਲੇਤ ਚਾਰ ਫ਼ਲ ਸੋ ਦੁਖ ਟਾਰਤ।

ਸ੍ਰੀ ਚੰਦ ਜੀ ਦਾ ਮਿਲਾਪ

ਚੌਪਈ: ਸੋਲਾਂ ਸੈ ਛੱਤੀ ਕੇ ਅੰਤ। ਸ੍ਰੀ ਚੰਦ ਗੁਰ ਕੇ ਸੁਤ ਸੰਤ।
ਰਾਮਦਾਸ ਕਾ ਸੁਨ ਜੱਸ ਭਾਰਾ। ਚਾਹਯੋ ਚਿਤ ਮੈਂ ਕਰਨ ਦੀਦਾਰਾ।
ਸੇਵਕ ਥਾ ਉਨ ਕੇ ਢਿਗ ਏਕੈਂ। ਗੋਦੜੀਆ ਸਮ੍ਰਥ ਬਡ ਨੇਕੈਂ।
ਸ੍ਰੀ ਚੰਦ ਕਿਤ ਚਲਿਓ ਚਹਿਤ ਜਬ। ਤਾਂ ਕੇ ਕੰਧੇ ਚੜ੍ਹ ਜਾਵਤ ਤਬ।
ਏਕ ਪੰਥ ਦੁਇ ਕਾਜ ਵਿਚਰ ਕੈ। ਆਏ ਗਦੜੀਏ ਪਰ ਚੜ੍ਹ ਕੈ।
ਰਾਮਦਾਸਪੁਰ ਢਿਗ ਜਬ ਆਏ। ਸੁਨ ਗੁਰ ਆਗੇ ਸਿੱਖ ਪਠਾਏ।
ਕਰ ਸਤਕਾਰ ਸਭਾ ਮੈਂ ਲ੍ਯਾਏ। ਮਿਲੇ ਪਰਸਪਰ ਮੋਦ ਬਢਾਏ।
ਗੁਰੁ ਨਾਨਕ ਜੀ ਕਾ ਲਖ ਪੂਤ। ਤਿਆਗੀ ਸੰਤ ਰੂਪ ਅਵਧੂਤ।
ਘੋੜਾ ਇੱਕ ਪੰਜ ਸੌ ਰੁੱਪਯਾ। ਭੇਟਾ ਦਈ ਹੋਈ ਖੁਸ਼ ਲੱਯਾ।
ਸ੍ਰੀ ਚੰਦ ਤਬ ਗਿਰਾ ਉਚਾਰੀ। ਕਾਹਿ ਬਢਾਈ ਦਾੜ੍ਹੀ ਭਾਰੀ। {ਨਿਮ੍ਰਤਾ ਦੀ ਹੱਦ}
ਰਾਮਦਾਸ ਗੁਰੂ ਨਿੰਮਰ ਹੋਹੈ। ਕਹਿਓ ਆਪ ਸੇ ਸਾਧੂ ਜੋ ਹੈ।
ਉਨ ਕੇ ਚਰਨ ਪੋਛਨੇ ਕਾਰਨ। ਇਮ ਕਹਿ ਲੱਗੇ ਚਰਨ ਤਿਹ ਝਾਰਨ।
ਸਿਰੀ ਚੰਦ ਖੁਸ਼ਿ ਹੋਇ ਉਚਾਰਾ। "ਇਸੀ ਤੌਰ ਘਰ ਲੁਟਿਓ ਹਮਾਰਾ।
ਜੋ ਬਾਕੀ ਥੀ ਅਬ ਕੁਛ ਮੋ ਪੈ। ਛੀਨ ਲਈ ਯੌਂਹੀ ਤੁਮ ਸੋਪੈ।
ਨਿੰਮਰਤਾ ਭਗਤੀ ਕਰ ਸੇਵਾ। ਲਈ ਗੁਰਿਆਈ ਅੰਗਦ ਏਵਾ।
ਹਰ ਗੁਰ ਕੇ ਸੁਤ ਛੂਛ ਰਹਾਏ। ਸੇਵਾ ਤੇ ਮੇਵਾ ਤੁਮ ਪਾਏ।
ਹੋਏ ਰੂਪ ਇਲਾਹੀ ਨੂਰੀ। ਅਜਰ ਅਮਰ ਪਦਵੀ ਲੈ ਪੂਰੀ।
ਪੂਜਯ ਜਗਤ ਕੇ ਸਤਗੁਰ ਥੀਏ। ਰਿੱਧ ਸਿੱਧ ਨਵਨਿੱਧਿ ਗਹੀਏ।"
ਬੋਲੇ ਗੁਰੂ, "ਸਭ ਕਿਰਪਾ ਥਾਰੀ। ਨਹੀਂ ਤੋਂ ਹਮ ਸੇ ਫਿਰਤ ਅਪਾਰੀ।"
ਸਿਰੀਚੰਦ ਖੁਸ਼ ਹੋਇ ਪਧਾਰੇ। ਬਾਰ ਠਗਾਮ ਥਿਰੇ ਮੁਦ ਧਾਰੇ।
ਇਤ ਦਿਸ ਗੁਰੂ ਸੰਗਤ ਕੋ ਆਛੇ। ਦੈ ਉਪਦੇਸ਼ ਨਿਤਾ ਪ੍ਰਤਿ ਕਾਛੇ।
ਲੋਕ ਉਭੈ ਤਿਨ ਕੇਰ ਸੁਧਾਰਤ। ਮੁਕਤ ਭੁਕਤਿ ਦਾ ਸ਼ਬਦ ਉਚਾਰਤ।
ਕੀਰਤਨ ਕਥਾ ਨਿਤਾਪਤਿ ਹੋਵਤ। ਸਿੱਖਨ ਕੇ ਸੰਸੇ ਦੁਖ ਖੋਵਤ।
ਅਸਨ ਬਸਨ ਗ੍ਰੀਬਨ ਕੋ ਮਿਲਹੀਂ। ਦੋਇ ਵਕਤ ਸੰਗਤ ਬਹੁ ਭਿਲਹੀਂ।
ਆਨ ਦਿਵਾਨ ਲਗਤ ਹੈ ਜਬੈ। ਕਰ ਦਰਸ਼ਨ ਗੁਰੂ ਕੋ ਸਿੱਖ ਸਭੈ।
ਮਨ ਬਾਂਛਤ ਫ਼ਲ ਪਾਇ ਸਿਧਾਵੈਂ। ਜਯੋਂ ਸੁਰ ਤਰੁ ਤੇ ਸਭ ਵਰਸਾਵੈਂ।
ਕਾਰ ਬਾਰ ਗੁਰੂ ਘਰ ਕਾ ਜੇਤਾ। ਚਲਿਓ ਜਾਤ ਜਤਨ ਸੁ ਤੇਤਾ।

ਉਪਦੇਸ਼ ਬਖ਼ਸ਼ੀਸ਼ਾਂ ਤੇ ਸਿੱਖਾਂ ਦੀਆਂ ਟਹਿਲਾਂ

(੧) ਸੋਮਾਨ ਨਾਮੀ ਅਰੋੜਾ ਸਿੱਖ ਜੇਹਲਮ ਦਾ ਰਹਿਣ ਵਾਲਾ ਘੁੰਗਣੀਆਂ ਦੀ ਛਾਬੜੀ ਲਾ ਕੇ ਗੁਰੂ ਜੀ ਦੇ ਤਲਾਉ ਪਾਸ ਆ ਬੈਠਦਾ ਜੋ ਕੁਛ ਨਫ਼ਾ ਖੱਟਦਾ ਉਸੇ ਨਾਲ ਡੰਗ ਵਲੰਗੀ ਝੱਟ ਨਿਬਾਹੁੰਦਾ ਹੁੰਦਾ ਸੀ। ਇੱਕ ਦਿਨ ਗੁਰੂ ਜੀ ਨੇ ਏਸ ਦੀ ਵੱਟਕ ਦੇ ਸਾਰੇ ਪੈਸੇ ਲੈ ਕੇ ਮਜੂਰਾਂ ਨੂੰ ਦੇ ਦਿੱਤੇ। ਏਹ ਓਸੇ ਤਰ੍ਹਾਂ ਖ਼ੁਸ਼ੀ ਨਾਲ ਘਰ ਤੁਰ ਗਿਆ। ਦੂਜੇ ਦਿਨ ਫੇਰ ਸਾਰੀ ਵੱਟਕ ਲੈ ਲਈ ਏਸੇ ਤਰ੍ਹਾਂ ਪੰਜ ਦਿਨ ਬ੍ਰਾਬਰ ਵੱਟਕ ਦੇ ਕੇ ਰਾਜ਼ੀ ਖ਼ੁਸ਼ੀ ਜਾਂਦਾ ਰਿਹਾ ਤੇ ਰਾਗ ਰੋਖ ਕੁਛ ਨਾ ਮੰਨਿਆ। ਤਾਂ ਗੁਰੂ ਜੀ ਨੇ ਖ਼ੁਸ਼ੀ ਹੋ ਕੇ ਵਰ ਦਿੱਤਾ {ਸੁਮਾਨ/ਸੋਮਾ ਸ਼ਾਹ} "ਸੁਮਾਨ ਸ਼ਾਹ ਬੇਪਰਵਾਹ ਗੁਰੂ ਕਾ ਸ਼ਾਹ" ਬਸ ਫੇਰ ਤਾਂ ਓਸ ਦੀ ਕਮਾਈ ਵਿੱਚ ਐਡੀ ਬਰਕਤ ਪਈ ਜੋ ਸ਼ਾਹੂਕਾਰ ਤੇ ਗੁਰੂ ਜੀ ਦਾ ਸੱਚਾ ਸਿਦਕੀ ਸਿੱਖ ਹੋ ਗਿਆ। ਓਸ ਦੇ ਪੁੱਤ੍ਰ ਰਾਮਸ਼ਾਹ ਨੂੰ ਗੁਰੂ ਅਰਜਨ ਜੀ ਨੇ ਮੁਲਤਾਨ ਤੋਂ ਸੱਖਰ ਤੱਕ ਦੀ ਸਿੱਖੀ ਬਖ਼ਸ਼ੀ ਤੇ ਓਸ ਨੇ ਗੁਰੂ ਜੀ ਦੀ ਸਿੱਖੀ ਬਹੁਤ ਵਧਾਈ। ਜਦ ਦਸਵੇਂ ਪਾਤਸ਼ਾਹ ਜੀ ਨੇ ਮਸੰਦ ਸਾੜੇ ਸੇ ਤਾਂ ਰਾਮ ਸ਼ਾਹ ਦੇ ਪੋਤਰੇ ਮੇਹਰ ਸ਼ਾਹ ਨੂੰ ਸੱਚਾ ਸਿੱਖ ਸਮਝ ਕੇ ਮਾਤਾ ਸਾਹਿਬ ਜੀ ਦੀ ਸਿਫਾਰਸ਼ ਨਾਲ ਅੰਮ੍ਰਿਤ ਛਕਾ ਕੇ ਸਿੰਘ ਸਜਾਯਾ ਸੀ ਤੇ ਮਸੰਦ ਦੀ ਜਗ੍ਹਾ "ਬਖ਼ਸ਼ੰਦ ਫਰਜ਼ੰਦ" ਖ਼ਿਤਾਬ ਬਖ਼ਸ਼ ਕੇ ਫੇਰ ਓਸੇ ਮੁਲਕ ਵਿੱਚ ਭੇਜ ਦਿੱਤਾ ਸੀ। ਹੁਣ ਓਨ੍ਹਾਂ ਦੀ ਸਿੱਖੀ ਸੇਵਕੀ ਓਧਰੇ ਹੀ ਹੈ। ਪਰ ਗੱਦੀ ਜੇਹਲਮ ਵਿੱਚ ਹੈ ਜਿਸ ਪਰ ਹੁਣ ਮੇਹਰਸ਼ਾਹ ਸਿੰਘ ਤੋਂ ਚੌਥੀ ਪੀੜ੍ਹੀ ਅਤਰਸ਼ਾਹ ਸਿੰਘ ਮੌਜੂਦ ਹੈ।

(੨) ਇੱਕ ਪੰਡਿਤ ਬ੍ਰਹਮਚਾਰੀ ਤਪੱਸੀ ਗੁਰੂ ਜੀ ਪਾਸ ਕਈ ਦਿਨ ਰਹਿ ਕੇ ਸਤਸੰਗ ਕਰਦਾ ਰਿਹਾ। ਇੱਕ ਦਿਨ ਓਨ ਆਖਯਾ, "ਤੁਹਾਡੇ ਸਿੱਖ ਜੋ ਆਖਦੇ ਹਨ ਕਿ ਗੰਗਾ ਕੁਰਖੇਤ੍ਰ ਆਦਿਕ ਤੀਰਥ ਜੀਵ ਨੂੰ ਕੁਛ ਫਾਇਦਾ ਨਹੀਂ ਪੁਚਾਂਵਦੇ। ਜੇ ਏਹ ਸੱਚ ਹੈ ਤਾਂ ਗੁਰੂ ਅਮਰਦਾਸ ਜੀ ਬਾਈ ਵਾਰੀ ਗੰਗਾ ਇਸ਼ਨਾਨ ਕਿਉਂ ਗਏ ਸੀ?" ਤਾਂ ਗੁਰੂ ਜੀ ਨੇ ਏਹ ਬਚਨ {ਪਾ: ੩ ਦਾ ਤੀਰਥਾਂ ਤੇ ਜਾਣ ਦਾ ਮਨੋਰਥ} ਉਚਾਰਨ ਕੀਤਾ:

ਮਲਾਰ ਮਹਲਾ ੪ ॥
ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥
ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ
ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ
ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

(ਮਲਾਰ, ਮਃ ੪ – ੧੨੬੩)

ਇਤਯਾਦਿਕ ਪੰਡਿਤ ਜੀ! ਗੁਰੂ ਸਾਹਿਬ ਵਰਗੇ ਮਹਾਤਮਾਂ ਈਸ਼ਰ ਦੇ ਭਜਨ ਕਰਨੇ ਕਰ ਸੁੱਤੇ ਹੀ ਪਵਿੱਤ੍ਰ ਹੁੰਦੇ ਹਨ ਤੇ ਤੀਰਥਾਂ ਦੇ ਯਾਤਰੀਆਂ ਨੂੰ ਸਗੋਂ ਪਵਿੱਤ੍ਰ ਕਰਨ ਜਾਂਦੇ ਹਨ:

ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥

(ਸਵਈਏ ਮਹਲੇ ਚਉਥੇ ਕੇ, ਨਲ੍ਯ – ੧੩੯੯)

ਏਹੋ ਪ੍ਰਸੰਗ ਭਾਗਵਤ ਆਦਿਕ ਪੁਰਾਣਾਂ ਵਿੱਚ ਭੀ ਲਿਖਿਆ ਹੈ। ਏਹ ਸੁਣ ਪੰਡਿਤ ਸੱਤ ਬਚਨ ਕਹਿ ਸੇਵਾ ਵਿਖੇ ਹਾਜ਼ਰ ਰਹਿਣ ਲੱਗਾ।

(੩) ਇੱਕ ਦਿਨ ਕੰਨ ਪਾਟੇ ਜੋਗੀਆਂ ਦੀ ਜਮਾਤ ਆਈ। ਉਨ੍ਹਾਂ ਆਖਿਆ, "ਜਿਸ ਤਰ੍ਹਾਂ ਤੁਸੀਂ ਪ੍ਰਮੇਸ਼੍ਵਰ ਦੀ ਭਗਤੀ ਕਰਦੇ ਹੋ, ਜੇਕਰ ਜੋਗ ਮਾਰਗ ਗੋਰਖ ਦਾ ਮਤ ਧਾਰੋ ਤਾਂ ਦਿੱਬਜ ਦ੍ਰਿਸ਼ਟੀ ਹੋ ਜਾਵੇ ਤੇ ਸਮਾਧੀ ਲਾ ਕੇ ਪਰਮਾਨੰਦ ਵਿੱਚ ਮਗਨ ਬਣੇ ਰਹੋ।" ਏਸ ਪਰ ਗੁਰੂ ਜੀ ਨੇ ਸ਼ਬਦ ਉਚਾਰਿਆ:

ੴ ਸਤਿਗੁਰ ਪ੍ਰਸਾਦਿ ॥
ਮਹਲਾ ੪ ਰਾਗੁ ਆਸਾ ਘਰੁ ੬ ਕੇ ੩ ॥
ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥

(ਆਸਾ, ਮਃ ੪ – ੩੬੮)

ਇਤਯਾਦਿਕ ਹੋਰ ਭੀ ਸ਼ਬਦ ਸੁਣ ਕੇ ਜੋਗੀ ਫ਼ਕੀਰ ਜੀ ਪ੍ਰੀਖਯਾ ਕਰਨ ਆਏ ਸੇ, ਆਦੇਸ਼ ਕਰ ਚਲੇ ਗਏ।

(੪) ਇੱਕ ਬੈਰਾੜ "ਉਦਮ" {ਭਾਈ ਉਦਮ/ਆਦਮ} ਨਾਮ ਬਿੰਝੂ ਪਿੰਡ ਦੇ ਰਹਿਣ ਵਾਲਾ ਪੁੱਤ੍ਰ ਹੀਨ, ਬੇਟੀ ਇਸਤ੍ਰੀ ਸਮੇਤ ਗੁਰੂ ਜੀ ਦੀ ਸ਼ਰਨ ਆਯਾ। ਉਪਦੇਸ਼ ਧਾਰਨ ਕਰ ਦੋਵੇਂ ਲੰਗਰ ਦੀ ਸੇਵਾ ਕਰਨ ਲੱਗੇ। ਦੋ ਭਾਰ ਲੱਕੜਾਂ ਦੇ ਰੋਜ਼ ਲਿਆਉਣ। ਇੱਕ ਲੰਗਰ ਵਿੱਚ ਪਾ ਦੇਣ ਤੇ ਇੱਕ ਜਮ੍ਹਾਂ ਰੱਖਣ ਤੇ ਸ੍ਵਾਸ ਸ੍ਵਾਸ ਵਾਹਿਗੁਰੂ ਵਾਹਿਗੁਰੂ ਸਿਮਰਣ। ਮਨ ਨੀਵਾਂ ਰੱਖਣ। ਏਸੇ ਤਰ੍ਹਾਂ ਚਾਰ ਬਰਸ ਸੇਵਾ ਕੀਤੀ। ਇੱਕ ਵਾਰੀ ਡਾਢੀ ਝੜੀ ਲੱਗੀ। ਉਨ੍ਹਾਂ ਦੇ ਬਾਲਣ ਤੋਂ ਬਿਨਾਂ ਹੋਰ ਕਿਤੋਂ ਬਾਲਣ ਨਾ ਲੱਭਿਆ। ਪੋਹ ਮਹੀਨਾ ਹੋਣੇ ਕਰ ਸੰਗਤ ਪਾਲੇ ਨੇ ਬਹੁਤ ਸਤਾਈ ਤਾਂ ਭਾਈ ਉੱਦਮ ਨੇ ਸੁੱਕਾ ਅੰਦਰੋਂ ਬਾਲਣ ਕੱਢ ਕੇ ਸਭ ਨੂੰ ਅੱਗ ਸਿਕਾਈ। ਨਾਲੇ ਲੰਗਰ ਵਾਸਤੇ ਬਹੁਤ ਭਾਰ ਲੱਕੜੀਆਂ ਦੇ ਦਿੱਤੇ ਜਿਸ ਪਰ ਖ਼ੁਸ਼ੀ ਹੋ ਕੇ ਗੁਰੂ ਜੀ ਨੇ ਆਖਿਆ, "ਭਾਈ ਉਦਮਾ! ਤੇਰੀ ਘਾਲ ਥਾਇ ਪਈ ਹੈ। ਜੋ ਕੁਛ ਮੰਗਣਾ ਹੈ ਸੋ ਮੰਗ।" ਭਾਈ ਉਦਮ ਤਾਂ ਚੁੱਪ ਕਰ ਰਿਹਾ ਪਰ ਓਸ ਦੀ ਬੇਟੀ ਨੇ ਬੇਨਤੀ ਕੀਤੀ, "ਇਕ ਭਰਾ (ਭਾਈ) ਮੈਨੂੰ ਬਖ਼ਸ਼ੋ!" ਐਸਾ ਹੀ ਹੋਯਾ। 'ਭਗਤੂ' ਨਾਮ ਪੁੱਤ੍ਰ 'ਉਦਮ' ਦੇ ਘਰ ਜੰਮਿਆ ਜੋ ਸੱਤਵੇਂ ਗੁਰੂ ਜੀ ਤੱਕ ਗੁਰੂ ਘਰ ਦੀ ਟਹਿਲ ਕਰਦਾ ਰਿਹਾ। ਓਸੇ ਦੀ ਸੰਤਾਨ ਵਿੱਚੋਂ ਕੈਂਥਲ ਵਾਲੇ ਰਾਜੇ ਭਾਈ ਲਾਲ ਸਿੰਘ, ਉਦੇ ਸਿੰਘ ਹੋਏ; ਜਿਨ੍ਹਾਂ ਨੇ ਬਹੁਤ ਧਨ ਤੇ ਦੋ ਪਿੰਡ ਜਾਗੀਰ ਦੇ ਕੇ ਭਾਈ ਸੰਤੋਖ ਸਿੰਘ ਜੀ ਆਦਿਕ ਕਵੀਸ਼ਰਾਂ ਤੋਂ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਬਨਵਾਯਾ ਜੋ ਸੰਮਤ ੧੮੯੮ ਬਿਕ੍ਰਮੀ ਨੂੰ ਤਯਾਰ ਹੋਯਾ। ਅਰਨੌਲੀ, ਸਾਧੂਵਾਲ, ਝੁੰਬਾ, ਚਕ ਆਦਿਕ ਅਨੇਕ ਜਗ੍ਹਾ ਓਸੇ ਭਗਤੂ ਦੀ ਔਲਾਦ ਦੇ ਸਰਦਾਰ ਹਨ।

(੫) ਭਾਈ ਤੀਰਥਾ ਖੱਤ੍ਰੀ ਸੰਭੜਿਆਲੀਆ, ਬਿਸ਼ਨ ਦਾਸ, ਮਾਣਕ ਚੰਦ, ਮਹਾਨੰਦ, ਬਿਧੀਚੰਦ ਆਦਿਕ ਬਹੁਤ ਸਿੱਖਾਂ ਨੇ ਗੁਰੂ ਸਾਹਿਬ ਜੀ ਪਾਸ ਆ ਕੇ ਬੇਨਤੀ ਕੀਤੀ, "ਸਚੇ ਪਾਤਸ਼ਾਹ! ਜਨਮ ਮਰਣ ਦਾ ਤ੍ਰਾਸ ਤੇ ਜਮ ਲੋਕ ਦਾ ਭੈ ਬੱਡਾ ਭਾਰੀ ਸੁਣੀਦਾ ਹੈ। ਨਾਲੇ ਰਾਗ, ਦ੍ਵੈਖ ਕਾਮ, ਕ੍ਰੋਧ, ਲੋਭ ਆਦਿਕ ਬਿਕਾਰ ਬਹੁਤ ਦੁਖ ਦਿੰਦੇ ਹਨ। ਆਪ ਸੱਚੇ ਸਤਗੁਰੂ ਹੋ। ਕ੍ਰਿਪਾ ਕਰ ਕੇ ਸਾਨੂੰ ਕੁਟੰਬ ਸਮੇਤ ਸੰਸਾਰ ਥੀਂ ਪਾਰ ਕਰੋ।" ਗੁਰੂ ਸਾਹਿਬ ਜੀ ਨੇ ਖ਼ੁਸ਼ੀ ਨਾਲ ਆਖਿਆ, "ਟੱਬਰ ਸਮੇਤ ਮਨ, ਤਨ, ਧਨ ਕਰ ਕੇ ਸਿੱਖਾਂ ਸਾਧਾਂ ਦੀ ਸੇਵਾ ਤੇ ਸਤਸੰਗ ਕੀਤਾ ਕਰੋ। ਆਪ ਨੂੰ ਵਾਹਿਗੁਰੂ ਦੇ ਸੇਵਕ ਮੰਨੋਂ।" ਓਹਨਾਂ ਆਖਿਆ, "ਮਹਾਰਾਜ! ਕੁਟੰਬ ਦਾ ਵਿਹਾਰ ਨਹੀਂ ਚਲਦਾ।" ਗੁਰੂ ਜੀ ਨੇ ਆਖਿਆ, "ਭਰੋਸਾ ਚਾਹੀਦਾ ਹੈ। ਕਿਉਂਕਿ ਜਿਕੂੰ ਖੂਹ ਵਿੱਚ ਤਾਂ ਬਥੇਰਾ ਜਲ ਹੈ, ਪਰ ਮਿਲਦਾ ਓਤਨਾ ਹੀ ਹੈ ਜਿਤਨਾ ਭਾਂਡਾ ਵਹਾਉਗੇ। ਏਸੇ ਤਰ੍ਹਾਂ ਸਾਰੀ ਸ੍ਰਿਸ਼ਟੀ ਅਨੇਕ ਪਦਾਰਥਾਂ ਨਾਲ ਭਰੀ ਪਈ ਹੈ ਪਰ ਜਿਤਨਾ ਜਿਤਨਾ ਜਿਸ ਦਾ ਭਾਗ ਹੈ ਓਤਨਾ ਹੀ ਪਦਾਰਥ ਮਿਲਦਾ ਹੈ।

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥

(ਤਿਲੰਗ, ਮਃ ੧ - ੭੨੨)

ਭਰੋਸਾ ਰੱਖ ਕੇ ਜਦ ਤੁਸੀਂ ਭਗਤੀ ਭਜਨ ਦਾ ਅਭਯਾਸ ਕਰੋਗੇ ਤਾਂ ਚਿੱਤ ਬ੍ਰਿਤੀ ਆਪੇ ਸਾਂਤਿ ਹੋ ਜਾਊ ਤੇ ਆਤਮਾ ਪ੍ਰਮਾਤਮਾ ਦਾ ਸਾਖਯਾਤ ਗਯਾਤ ਹੋ ਕੇ ਜਨਮ ਮਰਨ, ਨਰਕ ਸੁਰਗ, ਕਾਮ ਕ੍ਰੋਧਾਦਿਕ ਦੁਖਦਾਈ ਦੁੰਦ ਭਾਵ ਸਭ ਮਿਟ ਜਾਣਗੇ। ਤੁਸੀਂ ਕੇਵਲ ਆਪਣੀ ਸੰਪਤਾ ਤੇ ਕਰਤੱਬਤਾ ਦਾ ਹੰਕਾਰ ਛੱਡ ਰੱਖੋ। ਹੋਰ ਭਾਵੇਂ ਗ੍ਰਿਸਤ ਦੇ ਧੰਧੇ ਰਾਤ ਦਿਨ ਕਰੋ। ਨੰਗੇ ਭੁੱਖੇ ਨੂੰ ਸ਼ਰਧਾ ਨਾਲ ਭੋਜਨ ਦਿਓ। ਹਰ ਕਾਰਜ ਦੇ ਆਰੰਭ ਵਿੱਚ ਅਰਦਾਸ ਕਰੋ ਤਾਂ ਸਭ ਕਾਰਜ ਰਾਸ ਰਹਿਣਗੇ। ਕਮਾਈ ਵਿੱਚੋਂ ਦਸਵਾਂ ਹਿੱਸਾ ਅਭਯਾਗਤਾਂ ਨੂੰ ਖੁਵਾਓ। ਸਤਸੰਗ ਭਜਨ ਬਾਣੀ ਕਰੋ, ਏਸੇ ਵਿੱਚ ਤੁਹਾਡੀ ਕਲਿਆਣ ਹੈ। ਮੁੰਡ ਮੁੰਡਾਏ ਖਾਕ ਰਮਾਏ, ਗੇਰੂਏ ਬਸਤ੍ਰ ਰੰਗਾਏ, ਤੀਰਥ ਭ੍ਰਮਾਏ, ਤਪ ਤਪਾਏ ਕਲਯਾਣ ਨਹੀਂ ਹੁੰਦੀ। ਗ੍ਰੇਹੀ ਦੀ ਮੁਕਤੀ ਸੇਵਾ ਭਗਤੀ ਨਿੰਮ੍ਰਿਤਾ ਸ਼ਰਧਾ ਨਾਲ ਕਰਨੇ ਕਰ ਹੁੰਦੀ ਹੈ।" ਏਹ ਉਪਦੇਸ਼ ਸੁਣ ਕੇ ਸਭ ਸਿੱਖ ਧਾਰਨ ਕਰ ਜਥਾ ਜੋਗ ਭਗਤੀ ਗਿਆਨ ਨੂੰ ਪ੍ਰਾਪਤ ਹੋ ਕੇ ਮੁਕਤਿ ਦੇ ਅਧਿਕਾਰੀ ਹੋ ਕੇ ਜਨਮ ਮਰਨ ਦੇ ਭੈ ਤੋਂ ਛੁੱਟ ਗਏ।

ਗੁਰੂ ਅਰਜਨ ਜੀ ਦਾ ਲਾਹੌਰ ਜਾਣਾ ਤੇ ਮੁੜਨਾ ਗੱਦੀ ਮਿਲਣੀ, ਤੇ ਪ੍ਰਿਥੀਚੰਦ ਦਾ ਬਿਬਾਦ

ਵੈਸਾਖ ਸੰਮਤ ੧੬੩੭ ਬਿਕ੍ਰਮੀ ਨੂੰ ਸਹਾਰੀ ਮੱਲ {ਸਹਾਰੀ ਮੱਲ ਜੀ} ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤ੍ਰ ਨੇ ਗੁਰੂ ਜੀ ਪਾਸ ਆ ਕੇ ਪ੍ਰਾਰਥਨਾ ਕੀਤੀ ਕਿ ਤੁਹਾਡੇ ਭਤੀਜੇ ਦਾ ਵਿਆਹ ਹੈ। ਸੋ ਆਪ ਨੂੰ ਜ਼ਰੂਰ ਚੱਲਣਾ ਚਾਹੀਦਾ ਹੈ, ਕਿਉਂਕਿ ਇਸ ਵਿੱਚ ਸਾਡੀ ਇੱਜ਼ਤ ਤੇ ਵਡਿਆਈ ਹੋਵੇਗੀ। ਗੁਰੂ ਜੀ ਨੇ ਆਖਿਆ, "ਸਾਡੇ ਗਿਆਂ ਸੰਗਤ ਬਹੁਤ ਕੱਠੀ ਹੋ ਜਾਏਗੀ ਤੇ ਖਬਰੇ ਕੁੜਮਾਂ ਦੀ ਬਦਨਾਮੀ ਹੋ ਜਾਏ। ਕਜੋਂ ਕੇ ਸੰਗਤ ਨੂੰ ਲੰਗਰ ਦੇਣਾ ਹੋਰ ਤਰ੍ਹਾਂ ਦਾ ਕੰਮ ਹੈ। ਸੋ ਤੁਸੀਂ ਸਾਡੇ ਪੁੱਤ੍ਰ ਨੂੰ ਲੈ ਜਾਓ।"

ਏਹ ਕਹਿ ਕੇ ਪ੍ਰਿਥੀਚੰਦ ਜੀ ਨੂੰ ਆਖਯਾ, "ਸਹਾਰੀ ਮੱਲ ਦੇ ਪੁੱਤ੍ਰ ਦੇ ਵਿਆਹ ਵਿੱਚ ਤੁਸੀਂ ਲਾਹੌਰ ਜਾਓ, ਕਿਉਂਕੇ ਤੁਸੀਂ ਸਜਾਣੇ ਹੋ। ਨਾਲੇ ਸਾਰੇ ਭਾਈਚਾਰੇ ਤੇ ਸਾਕਾਂ ਅੰਗਾਂ ਦੀ ਜਾਣ ਪਛਾਣ ਹੋ ਜਾਊ।" ਪ੍ਰਿਥੀਚੰਦ ਜੀ ਨੇ ਸੋਚਿਆ {ਪ੍ਰਿਥੀਚੰਦ ਦਾ ਕਪਟ} ਭਈ ਜੇ ਮੈਂ ਗਿਆ, ਤਦ ਇੱਕ ਤਾਂ ਪੂਜਾ ਦਾ ਰੁਪਯਾ (ਗੁਰੂ) ਅਰਜਨ ਦੇਵ ਸਾਂਭ ਲਊ ਤੇ ਦੂਜੇ ਐਸਾ ਨਾ ਹੋਵੇ ਜੋ ਮੇਰੇ ਪਿੱਛੋਂ ਗੁਰਿਆਈ ਭੀ ਏਸੇ ਨੂੰ ਦੇ ਦੇਣ। ਏਹੋ ਜਹੇ ਫ਼ਿਕਰ ਕਰ ਕੇ ਅਰਜ਼ ਕੀਤੀ ਕਿ ਮੇਰੇ ਗਏ ਪਿੱਛੋਂ ਕੰਮ ਨਹੀਂ ਚੱਲੇਗਾ। ਆਏ ਗਏ ਦਾ ਆਦਰ ਯਥਾ ਜੋਗ ਕਰਨਾ, ਲੰਗਰ ਵਿੱਚ ਰਸਤ ਦੇਣੀ ਤੇ ਸੰਗਤ ਦੀ ਸੰਭਾਲ ਕਰਣੀ ਅਣਜਾਣ ਤੋਂ ਨਹੀਂ ਹੋ ਸਕਦੀ। ਤੁਸੀਂ ਅਰਜਨ ਦੇਵ ਨੂੰ ਭੇਜੋ। ਗੁਰੂ ਜੀ ਬੋਲੇ, "ਤੈਨੂੰ ਹੀ ਜਾਣਾ ਜੋਗ ਹੈ। ਕੰਮ ਸਭ ਗੁਰੂ ਹੀ ਸੁਧਾਰਨੇ ਵਾਲਾ ਹੈ। ਕਿਸੇ ਆਦਮੀ ਦੇ ਸਵਾਰਨੇ ਜੋਗ ਨਹੀਂ।" ਤਦ ਪ੍ਰਿਥੀਚੰਦ ਨੇ ਆਖਿਆ, "ਤੁਸੀਂ ਭੋਲੇ ਹੋ। ਤੁਸਾਂ ਨੂੰ ਵਿਹਾਰ ਦੀ ਖ਼ਬਰ ਨਹੀਂ। ਮੇਰੇ ਬਿਨਾਂ ਬਿਹਾਰ ਨਹੀਂ ਚੱਲ ਸਕਦਾ।"

ਗੁਰੂ ਸਾਹਿਬ ਨੇ ਓਸ ਦੀ ਖੁਟਿਆਈ ਸਮਝ ਕੇ ਮਹਾਂਦੇਵ ਨੂੰ ਆਖਿਆ ਤਾਂ ਓਹ ਬੋਲਿਆ, "ਮੈਨੂੰ ਤਾਂ ਏਤਨੀ ਖ਼ਬਰ ਹੀ ਨਹੀਂ ਕਿ ਭੈਣ ਕੌਣ ਹੈ ਤੇ ਭਾਈ ਕੌਣ ਹੈ?" ਗੁਰੂ ਜੀ ਨੇ ਓਸ ਦਾ ਮਸਤ ਸੁਭਾਵ ਸਮਝ ਕੇ (ਗੁਰੂ) ਅਰਜਨ ਜੀ ਵੱਲ ਧਿਆਨ ਕੀਤਾ। ਇਹਨਾਂ ਨੇ ਪਿਤਾ ਦੇ ਸਾਹਮਣੇ ਕਦੇ ਜਵਾਬ ਨਹੀਂ ਕੀਤਾ ਸੀ। ਸਦਾ ਨੀਵੀਂ ਧੌਣ ਕਰ ਕੇ ਨਿੰਮ੍ਰੀ ਭਾਵ ਸੀਲ ਸੁਭਾਵ ਟਹਿਲ ਵਿੱਚ ਰਹਿੰਦੇ ਸੇ। ਏਹਨਾਂ ਨੇ ਆਪਣੇ ਪਿਤਾ ਗੁਰੂ ਜੀ ਦੀ ਮਨਸ਼ਾ ਵੇਖ ਕੇ ਤਿਆਰੀ ਕਰ ਲਈ। ਗੁਰੂ ਜੀ ਨੇ ਆਖਿਆ, "ਇੱਕ ਮਹੀਨਾ ਸਹਾਰੀ ਮੱਲ ਦੇ ਘਰ ਰਹਿ ਕੇ ਫੇਰ ਤੁਸਾਂ ਸੰਗਤਾਂ ਨੂੰ ਉਪਦੇਸ਼ ਦੇਣਾ ਤੇ ਸਾਡੇ ਬੁਲਾਏ ਬਿਨਾਂ ਨਾ ਆਵਣਾ।"

ਗੁਰੂ ਅਰਜਨ ਦੇਵ ਜੀ ਸੱਤ ਬਚਨ ਕਹਿ ਕੇ ਆਗਿਆ ਲੈ ਕੇ ਆਪਣੀ ਮਾਤਾ ਬੀਬੀ ਭਾਨੀ ਜੀ ਨੂੰ ਮੱਥਾ ਟੇਕਣ ਗਏ ਤਾਂ ਓਹਨਾਂ ਨੇ ਬੀ ਪਿਆਰ ਦੇ ਕੇ ਆਖਿਆ, "ਬੇਟਾ! ਮਾਤਾ ਪਿਤਾ ਦੀ ਆਗਿਆ ਮੰਨਣੀ ਪੁੱਤ੍ਰ ਦਾ ਮੁਖਯ ਧਰਮ ਹੈ। ਪ੍ਰਿਥੀਏ ਦਾ ਹੰਕਾਰੀ ਤੇ ਲੋਭੀ ਸੁਭਾਵ ਹੈ। ਮਹਾਂ ਦੇਵ ਮਸਤ ਹੈ। ਤੁਸੀਂ ਪਿਤਾ ਦੀ ਸੇਵਾ ਵਿੱਚ ਆਗਿਆ ਅਨੁਸਾਰ ਰਹਿਣਾ। ਗੁਰੂ ਦੇ ਘਰ ਸੇਵਾ ਦੀ ਵਡਜਾਈ ਹੈ ਤੇ ਉਦਾਰ ਚਿੱਤ ਸੱਚੇ ਸੇਵਕ ਨੂੰ ਗੁਰਿਆਈ ਮਿਲਦੀ ਹੈ। ਦੂਸਰੇ ਨੂੰ ਨਹੀਂ।"

ਏਹੋ ਬਚਨ ਰਿਦੇ ਵਿੱਚ ਧਾਰਨ ਕਰ ਕੇ ਗੁਰੂ ਅਰਜਨ ਸਾਹਿਬ ਜੀ {ਅਰਜਨ ਦੇਵ ਜੀ ਲਾਹੌਰ ਗਏ} ਸਹਾਰੀ ਮੱਲ ਨਾਲ ਗਏ। ਵਿਆਹ ਵਿੱਚ ਸਭ ਨੂੰ ਮਿਲੇ ਤੇ ਸਭ ਨੂੰ ਖ਼ੁਸ਼ੀ ਰੱਖਯਾ ਪਰ ਆਪ ਚਾਉ ਤਮਾਸ਼ੇ ਵਿੱਚ ਸਾਂਝੀ ਕਦੇ ਨਾ ਹੋਏ। ਭਜਨ ਪਾਠ ਸੰਗਤ ਨੂੰ ਉਪਦੇਸ਼ ਕਰਦੇ ਰਹੇ। ਜਦ ਕਈ ਮਹੀਨੇ ਲਾਹੌਰ ਰਹੇ ਤਾਂ ਕੋਈ ਬੁਲਾਵਾ ਗੁਰੂ ਰਾਮਦਾਸ ਜੀ ਵੱਲੋਂ ਨਾ ਆਯਾ ਤਾਂ ਕਦੇ ਕੋਠੇ ਉੱਤੇ ਚੜ੍ਹ ਕੇ ਰਾਹ ਵੱਲ ਤੱਕਦੇ, ਕਦੇ ਸ਼ਹਿਰੋਂ ਬਾਹਰ ਰਾਹ ਉੱਤੇ ਜਾ ਖੜੇ ਹੁੰਦੇ। ਤੇ ਗੁਰੂ ਸਾਹਿਬ ਦੇ ਦਰਸ਼ਨ ਦਾ ਅਜੇਹਾ ਪ੍ਰੇਮ ਲੱਗਾ ਜੋ ਖਾਣਾ, ਪੀਣਾ, ਸੌਣਾ, ਹੱਸਣਾ ਸਭ ਛੁੱਟ ਗਿਆ ਅਰ ਵੈਰਾਗ ਵਿੱਚ ਆ ਕੇ ਏਹ ਸ਼ਬਦ ਗਾਵਿਆ:

ਰਾਗੁ ਸੋਰਠਿ ਮਹਲਾ ੫ ॥

ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥
ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥੧॥
ਹੁਣਿ ਨਹੀ ਸੰਦੇਸਰੋ ਮਾਇਓ ॥
ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥
ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥
ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥੨॥
ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥੩॥
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪॥
ਸਭੁ ਰਹਿਓ ਅੰਦੇਸਰੋ ਮਾਇਓ ॥
ਜੋ ਚਾਹਤ ਸੋ ਗੁਰੂ ਮਿਲਾਇਓ ॥
ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥

(ਸੋਰਠਿ, ਮਃ ੫ – ੬੨੪)

ਏਹੋ ਜੇਹੇ ਕਈ ਸ਼ਬਦ ਪਰੇਮ ਦੇ ਵੱਸ ਹੋ ਕੇ ਉਚਾਰੇ ਤੇ ਗਾਉਂਦੇ ਰਹੇ। ਪਰ ਜਦ ਮੂਲੋਂ ਹੀ ਮਨ ਨਾ ਠਹਿਰ ਸਕਿਆ ਤਾਂ ਏਹ ਪ੍ਰਾਰਥਨਾ ਪੱਤ੍ਰ ਲਿਖ ਕੇ ਸਿੱਖ ਦੇ ਹੱਥ ਗੁਰੂ ਜੀ ਵੱਲ ਭੇਜ ਦਿੱਤਾ। ਯਥਾ:

ਮਾਝ ਮਹਲਾ ੫ ਚਉਪਦੇ ਘਰੁ ੧ ॥
ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

(ਮਾਝ, ਮਃ ੫ – ੯੬)

ਪ੍ਰਿਥੀਚੰਦ ਨੇ ਏਹ ਚਿੱਠੀ ਸਿੱਖ ਤੋਂ ਲੈ ਕੇ ਜਾਂ ਪੜ੍ਹੀ ਤਾਂ ਸੋਚਿਆ ਕਿ ਜੇ ਇਹ ਚਿੱਠੀ ਗੁਰਾਂ ਨੂੰ ਦਿਖਾਈ ਤਾਂ ਅਰਜਨ ਨੂੰ ਬੁਲਾ ਕੇ ਗੁਰਿਆਈ ਦੇ ਦੇਣਗੇ। ਏਹੋ ਵਿਚਾਰ ਕੇ ਸਿੱਖ ਨੂੰ ਪ੍ਰਸ਼ਾਦ ਛਕਾ ਕੇ ਤੋਰ ਦਿੱਤਾ। ਗੁਰੂ ਅਰਜਨ ਜੀ ਨੇ ਵੀਹ ਦਿਨ ਚਿੱਠੀ ਦਾ ਜਵਾਬ ਉਡੀਕ ਕੇ ਦੂਜੀ ਏਹ ਚਿੱਠੀ ਲਿਖੀ। ਯਥਾ:

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
ਚਿਰੁ ਹੋਆ ਦੇਖੇ ਸਾਰਿੰਗਪਾਣੀ ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥
ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

(ਮਾਝ, ਮਃ ੫ – ੯੬)

ਏਹ ਚਿੱਠੀ ਭੀ ਓਸੇ ਤਰ੍ਹਾਂ ਲੈ ਕੇ ਪ੍ਰਿਥੀਚੰਦ ਨੇ ਸਿੱਖ ਨੂੰ ਮੋੜ ਛੱਡਿਆ। ਗੁਰੂ ਅਰਜਨ ਦੇਵ ਜੀ ਨੇ ਫੇਰ ਇੱਕ ਮਹੀਨਾ ਉਡੀਕ ਕੇ ਇਹ ਤੀਜੀ ਚਿੱਠੀ ਲਿਖੀ। ਯਥਾ:

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

(ਮਾਝ, ਮਃ ੫ – ੯੬)

ਏਹ ਅਰਦਾਸ ਦੇ ਕੇ ਸਿੱਖ ਨੂੰ ਆਖਯਾ, "ਬਿਨਾਂ ਗੁਰੂ ਜੀ ਦੇ ਹੋਰ ਕਿਸੇ ਦੇ ਹੱਥ ਨਾ ਦੇਵੀਂ।" ਏਹ ਚਿੱਠੀ ਲੈ ਕੇ ਜਦ ਸਿੱਖ ਆਯਾ ਤਾਂ ਓਸ ਵੇਲੇ ਗੁਰੂ ਰਾਮਦਾਸ ਜੀ ਪਾਸ ਪ੍ਰਿਥੀਚੰਦ ਨਹੀਂ ਸੀ। ਭਾਵੇਂ ਓਸ ਦੇ ਆਦਮੀ ਤਾਂ ਮੰਗ ਰਹੇ ਸੇ ਪਰ ਓਸ ਸਿੱਖ ਨੇ ਗੁਰੂ ਜੀ ਅੱਗੇ ਹੀ ਜਾ ਰੱਖੀ। ਜਾਂ ਪੜ੍ਹੀ ਅਤੇ ਤੀਸਰਾ ਅੰਕ ਦੇਖਯਾ ਤਾਂ ਗੁਰੂ ਜੀ ਨੇ ਪ੍ਰਿਥੀਚੰਦ ਨੂੰ ਪੁਛਿਆ, "ਕੋਈ ਚਿੱਠੀ ਅਰਜਨ ਦੀ ਤੇਰੇ ਪਾਸ ਆਈ ਹੈ?" ਪ੍ਰਿਥੀਚੰਦ ਨੇ, ਜੋ ਪਹਿਲੇ ਹੀ ਗੁਰੂ ਅਰਜਨ ਜੀ ਨੂੰ ਪਿਤਾ ਦਾ ਆਗਯਾਕਾਰੀ ਤੇ ਸੇਵਾ ਵਿੱਚ ਹਾਜ਼ਰ ਰਹਿੰਦਾ ਦੇਖ ਕੇ ਸੜਦਾ ਬਲਦਾ ਰਹਿੰਦਾ ਸੀ ਤੇ ਚਿੱਠੀਆਂ ਭੀ ਏਸੇ ਕਰ ਕੇ ਲੁਕਾਈਆਂ ਸਨ ਭਈ ਚਿੱਠੀ ਵੇਖ ਕੇ ਕਿਤੇ ਗੁਰੂ ਅਰਜਨ ਜੀ ਨੂੰ ਬੁਲਾ ਕੇ ਗੁਰਿਆਈ ਨਾ ਦੇ ਦੇਣ; ਏਸੇ ਲਈ ਸਾਫ਼ ਨੰਨਾ ਧਰ ਗਿਆ ਤੇ ਆਖਿਓਸੁ, "ਮੇਰੇ ਪਾਸ ਕੋਈ ਚਿੱਠੀ ਨਹੀਂ ਆਈ।" ਗੁਰੂ ਜੀ ਬੋਲੇ, "ਜੇਕਰ ਆਈ ਹੈ ਤਾਂ ਦੇ ਛੱਡ।" ਪ੍ਰਿਥੀਚੰਦ ਕੜਕ ਕੇ ਬੋਲਿਆ, "ਕੀ ਕੋਈ ਹੁੰਡੀ ਸੀ ਜੋ ਮੈਂ ਮਾਰ ਲਈ?" ਲਾਹੌਰੀ ਸਿੱਖ ਭੀ ਸਾਹਮਣੇ ਹੋਯਾ ਪਰ ਪ੍ਰਿਥੀਚੰਦ ਤਾਂ ਭੀ ਮੁਕਰਿਆ ਹੀ ਰਿਹਾ ਤੇ ਉਲਟਾ ਆਖਣ ਲੱਗਾ, "ਮੈਂ ਜਾਣ ਲਿਆ ਹੈ ਜੋ ਤੁਸੀਂ ਮੇਰਾ ਹੱਕ ਮਾਰ ਕੇ ਅਨਜਾਇ ਕਰਨਾ ਚਾਹੁੰਦੇ ਹੋ ਤੇ ਗੁਰਿਆਈ ਅਰਜਨ ਨੂੰ ਦੇਣ ਲਈ ਮੈਨੂੰ ਝੂਠੀ ਤੋਹਮਤ ਲਾਉਂਦੇ ਹੋ। ਭਲਾ ਤੁਸੀਂ ਓਸ ਨੂੰ ਗੁਰਿਆਈ ਦਿਓ। ਦੇਖਾਂ! ਮੈਂ ਕੈਸੇ ਚਣੇ ਚਬਾਵਾਂਗਾ।"

ਇਸ ਪ੍ਰਕਾਰ ਛਲ ਕਪਟ ਦੇ ਭਰੇ ਹੋਏ ਤੇ ਹੰਕਾਰ ਸੰਯੁਗਤ ਬਚਨ ਸੁਣ ਕੇ ਗੁਰੂ ਜੀ ਨੇ ਤਲਾਸ਼ੀ ਕਰਾ ਕੇ ਓਸ ਦੇ ਜਾਮੇਂ ਵਿੱਚੋਂ ਦੋਵੇਂ ਚਿੱਠੀਆਂ ਕਢਾ ਲਈਆਂ {ਪ੍ਰਿਥੀਏ ਦਾ ਪਰਦਾ ਫਾਸ਼} ਤੇ ਆਖਿਆ, "ਕਿਉਂ 'ਨਾਲੇ ਚੋਰ ਨਾਲੇ ਚਤਰ' ਤੂੰ ਤਾਂ ਬਡਾ ਬੁਰਾ ਖੋਟਾ ਆਦਮੀ ਤੇ ਮਿਸਕ ਮੀਣਾ ਹੈਂ।" ਪ੍ਰਿਥੀਏ ਨੇ ਫੇਰ ਭੀ ਆਖਯਾ, "ਤੁਸੀਂ ਆਪੇ ਹੀ ਚਤੁਰ ਚੋਰ ਹੋ, ਮੇਰੇ ਖੀਸੇ ਵਿੱਚ ਚਿੱਠੀਆਂ ਰਖਵਾ ਕੇ ਆਪੇ ਕਢਵਾਈਆਂ ਜੇ। ਭਲਾ ਏਹਨੀਂ ਗੱਲੀਂ ਕੀ ਹੋ ਸਕਦਾ ਹੈ? ਗੁਰਿਆਈ ਤਾਂ ਮੇਰਾ ਵੱਡੇ ਪੁੱਤ੍ਰ ਦਾ ਹੀ ਹੱਕ ਹੈ। ਕਿਸੇ ਦੂਜੇ ਨੂੰ ਦਿਓਗੇ ਤਾਂ ਮੈਂ ਦੌਲਤ ਖ਼ਰਚ ਕੇ ਹਾਕਮਾਂ ਪਾਸੋਂ ਲੈ ਲਵਾਂਗਾ। ਫੇਰ ਤੁਹਾਡੀ ਕੀ ਰਹਿ ਆਉ?" ਇਸ ਪ੍ਰਕਾਰ ਕਠੋਰ ਬਚਨ ਬਹੁਤ ਬੇਅਦਬੀ ਦੇ ਸੁਣ ਕੇ ਗੁਰੂ ਜੀ ਨੇ ਹੁਕਮ ਦਿੱਤਾ, "ਜਾਹ ਮੀਣਿਆਂ ਸਾਡੇ ਨੇਤ੍ਰਾਂ ਅੱਗੋਂ ਦੂਰ ਹੋ ਜਾਹ, ਅਸੀਂ ਤੈਨੂੰ ਤਿਆਗਿਆ।" ਏਸ ਤੋਂ ਗ਼ੁੱਸਾ ਖਾ ਕੇ ਪ੍ਰਿਥੀਚੰਦ ਖਲੋ ਗਿਆ ਤੇ ਬੋਲਿਆ, "ਤੁਸਾਂ ਮੈਨੂੰ ਤਜਾਗਿਆ, ਮੈਂ ਵੀ ਤੁਹਾਨੂੰ ਤਿਆਗਿਆ।" ਤੇ ਹੋਰ ਕੌੜੇ ਬਚਨ ਬੋਲਦਾ ਹੋਇਆ ਘਰ ਨੂੰ ਤਾਂ ਤੁਰ ਗਿਆ, ਪਰ ਗੁਰੂ ਜੀ ਅੱਗੇ ਨਾ ਨਿਵਿਆਂ।

ਗੁਰੂ ਜੀ ਨੇ ਬਾਬੇ ਬੁੱਢੇ ਤੇ ਭਾਈ ਗੁਰੀਏ ਆਦਿਕ ਪੰਜਾਂ ਸਿੱਖਾਂ ਨੂੰ ਭੇਜ ਕੇ ਗੁਰੂ ਅਰਜਨ ਜੀ ਨੂੰ ਲਾਹੌਰੋਂ ਬੁਲਾ ਲਿਆ। ਓਹ ਆਉਂਦੇ ਹੀ ਗੁਰੂ ਜੀ ਦੇ ਚਰਨਾਂ ਉੱਪਰ ਢਹਿ ਪਏ ਤੇ ਹੰਝੂਆਂ ਨਾਲ ਚਰਨ ਧੋਤੇ। ਗੁਰੂ ਜੀ ਨੇ ਉਠਾ ਕੇ ਛਾਤੀ ਨਾਲ ਲਗਾਯਾ ਕਿਉਂਕਿ ਗੁਰੂ ਅਰਜਨ ਦੇਵ ਜੀ ਡੇਢ ਬਰਸ {ਅਰਜਨ ਦੇਵ ਜੀ ਡੇਢ ਸਾਲ ਲਾਹੌਰ ਰਹੇ} ਗੁਰੂ ਜੀ ਦੇ ਬਚਨਾਂ ਦੇ ਬੱਧੇ ਹੋਏ ਲਾਹੌਰ ਰਹਿ ਕੇ ਸੰਗਤਾਂ ਨੂੰ ਉਪਦੇਸ਼ ਤੇ ਸਤਸੰਗ ਕਰਾਉਂਦੇ ਰਹੇ ਸੇ। ਏਸ ਕਰ ਕੇ ਗੁਰੂ ਰਾਮਦਾਸ ਜੀ ਏਹਨਾਂ ਪਰ ਬਹੁਤ ਖ਼ੁਸ਼ੀ ਸੇ। ਤਾਂ ਹੀ ਦੂਜੇ ਦਿਨ ਸਿੱਖਾਂ ਸੇਵਕਾਂ ਨੂੰ ਬੁਲਾ ਕੇ ਵੱਡਾ ਭਾਰੀ ਦੀਵਾਨ ਲਗਾਇਆ ਤੇ ਓਹ ਤਿੰਨੇ ਚਿੱਠੀਆਂ ਬਾਬੇ ਬੁੱਢੇ ਜੀ ਤੋਂ ਸੰਗਤਾਂ ਨੂੰ ਸੁਣਾਈਆਂ ਅਤੇ ਸਭ ਦੀ ਸੰਮਤੀ ਲੈ ਕੇ ਬਾਬੇ ਬੁੱਢੇ ਜੀ ਦੇ ਹਥੋਂ {ਪਾ:੫ ਨੂੰ ਗੁਰਤਾ ਪ੍ਰਾਪਤ ਹੋਣੀ} ਭਾਦ੍ਰੋਂ ਸੁਦੀ ੧ ਸੰਮਤ ੧੬੩੮ ਬਿਕ੍ਰਮੀ ਨੂੰ ਤਿਲਕ ਕਰਵਾਯਾ ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਪੂਰਬੋਕਤ ਤਿੰਨ ਪ੍ਰਕਰਮਾ ਕਰ, ਪੰਜ ਪੈਸੇ ਇੱਕ ਨਾਰੀਏਲ ਅੱਗੇ ਧਰ ਕੇ ਨਮਸਕਾਰ ਕਰ ਦਿੱਤੀ। ਸਭ ਸਿੱਖ ਤੇ ੧੨ ਮਸੰਦ; ਜੋ ਬੁਲਾਏ ਹੋਏ ਸਭਾ ਵਿੱਚ ਆਏ ਬੈਠੇ ਸੇ, ਓਹਨਾਂ ਨੂੰ ਸੁਣਾ ਕੇ ਗੁਰੂ ਜੀ ਨੇ ਬਚਨ ਕੀਤਾ,

"ਅਰਜਨ ਦੇਵ ਜੀ ਨੂੰ ਮੇਰਾ ਹੀ ਨਹੀਂ, ਬਲ ਕੇ ਸਾਰਿਆਂ ਗੁਰੂਆਂ ਦਾ ਸਾਖਯਾਤ ਸਰੂਪ ਮੰਨ ਕੇ ਹੁਣ ਏਹਨਾਂ ਅੱਗੇ ਮੱਥਾ ਟੇਕੋ।" ਓਸੇ ਸਮੇਂ ਸਭ ਨੇ ਜਥਾ ਜੋਗ ਭੇਟਾ ਧਰ ਕੇ ਮੱਥੇ ਟੇਕੇ ਤੇ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਸਤਿਗੁਰੂ ਮੰਨਿਆ।

ਏਸ ਵੇਲੇ ਬਾਬੇ ਬੁੱਢੇ ਜੀ ਨੇ ਏਹ ਕਥਾ ਸਭ ਸੰਗਤ ਨੂੰ ਧਿਆਨ ਦਿਵਾ ਕੇ ਸੁਣਾਈ ਕਿ 'ਇਕ ਦਿਨ ਜਦ ਗੁਰੂ ਅਰਜਨ ਦੇਵ ਜੀ ਅਜੇ ਸਵਾ ਬਰਸ ਦੇ ਸੇ ਤਾਂ ਆਪੇ ਗੁਰੂ ਅਮਰ ਦੇਵ ਜੀ ਦੀ ਗੱਦੀ ਉੱਤੇ ਜਾ ਬੈਠੇ। ਤਦੋਂ ਓਹਨਾਂ ਨੇ ਬਚਨ ਕੀਤਾ, ਤੁਸਾਂ ਆਪਣੇ ਬਾਪ ਦੀ ਗੱਦੀ ਸਾਂਭਣੀ ਹੈ। ਮੈਂ ਓਹਨਾਂ ਨੂੰ ਦੇ ਚੁੱਕਾ ਹਾਂ ਓਹ ਤੈਨੂੰ ਦੇਣਗੇ। ਫੇਰ ਇੱਕ ਦਿਨ ਗੁਰੂ ਅਮਰ ਦੇਵ ਜੀ ਨੇ ਏਹਨਾਂ ਨੂੰ ਗੋਦੀ ਚੁੱਕਿਆ ਤਾਂ ਸਰੀਰ ਭਾਰੀ ਹੋਣੇ ਕਰ ਵਰ ਦਿੱਤਾ ਕਿ ਬੜਾ ਭਾਰੀ ਗੁਰੂ ਹੋਵੇਗਾ ਤੇ ਵੱਡੇ ਭਾਰੇ ਭਾਰੇ ਕੰਮ ਕਰੇਗਾ।'

ਇਹ ਬਚਨ ਬਾਬੇ ਬੁੱਢੇ ਤੋਂ ਸੁਣ ਕੇ ਤੇ ਗੁਰੂ ਅਰਜਨ ਜੀ ਸੂਰਜ ਰੂਪ ਨੂੰ ਉਦੇ ਹੋਯਾ ਦੇਖ ਸਭ ਸਿੱਖਾਂ ਦੇ ਦਿਲ ਕਮਲ ਵਾਂਗ ਖਿੜ ਗਏ। ਪ੍ਰਿਥੀਚੰਦ, ਚੰਦ ਵਾਂਗੂੰ ਫਿਕਾ ਪੈ ਗਿਆ। ਓਸ ਦੇ ਸਾਥੀ ਤਾਰਿਆਂ ਵਾਂਙ ਛਿਪ ਗਏ। ਪ੍ਰਿਥੀਚੰਦ ਸੁਣ ਕੇ ਠਹਿਰ ਨਾ ਸਕਿਆ ਤੇ ਕ੍ਰੋਧ ਨਾਲ ਭਰਿਆ ਹੋਯਾ ਦੀਵਾਨ ਵਿੱਚ ਆ ਕੇ ਬਹੁਤ ਸਾਰੇ ਕੌੜੇ ਬਚਨ ਬਕ ਕੇ ਗੁਰੂ ਜੀ ਦੇ ਸਾਹਮਣੇ ਮੂੰਹ ਉੱਤੇ ਹੱਥ ਫੇਰ ਕੇ ਬੋਲਿਆ, "ਤੁਸਾਂ ਮੇਰੇ ਨਾਲ ਦਗ਼ਾ ਕੀਤਾ ਹੈ। ਮੇਰੀ ਚੀਜ਼ ਅਰਜਨ ਨੂੰ ਦੇ ਦਿੱਤੀ ਪਰ ਵੇਖੋ ਮੈਂ ਭੀ ਤੁਹਾਨੂੰ ਦੋਹਾਂ ਨੂੰ ਕਿਹਾਕੁ ਪਾਰ ਕਰਦਾ ਹਾਂ।" ਏਹ ਖੋਟੇ ਬਚਨ ਸੁਣ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਓਸ ਦੇ ਪ੍ਰਥਾਇ ਏਹ ਸ਼ਬਦ ਉਚਾਰਿਆ। ਯਥਾ:

ਸਾਰਗ ਮਹਲਾ ੪ ਘਰੁ ੩ ਦੁਪਦਾ
ੴ ਸਤਿਗੁਰ ਪ੍ਰਸਾਦਿ ॥
ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

(ਸਾਰਗ, ਮਃ ੪ - ੧੨੦੦)

ਏਹ ਸਬਦ ਸੁਣ ਕੇ ਪ੍ਰਿਥੀਚੰਦ ਤਾਂ ਬਕਵਾਸ ਕਰਦਾ ਹੋਯਾ ਘਰ ਚਲਾ ਗਿਆ ਤੇ ਗੁਰੂ ਸਾਹਿਬ ਜੀ ਨੇ ਗੁਰੂ ਅਰਜਨ ਜੀ ਨੂੰ ਸ਼ਬਦ ਪੂਰਾ ਕਰਨ ਦੀ ਆਗਿਆ ਦਿੱਤੀ ਤਾਂ ਗੁਰੂ ਜੀ ਨੇ ਇਹ ਚੌਥੀ ਪੌੜੀ ਕਹੀ। ਯਥਾ:

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥

(ਮਾਝ, ਮਃ ੫ - ੯੬)

ਏਹ ਸ਼ਬਦ ਸੁਣ ਕੇ ਸੰਗਤ ਸਮੇਤ ਸ੍ਰੀ ਗੁਰੂ ਰਾਮਦਾਸ ਜੀ ਬਹੁਤ ਖ਼ੁਸ਼ ਹੋਏ ਤੇ ਗੁਰਿਆਈ ਦੇ ਕੇ ਤੀਜ ਨੂੰ ਗੋਇੰਦਵਾਲ ਪਹੁੰਚ ਕੇ ਜੋਤੀ ਜੋਤ ਸਮਾ ਗਏ। ਗੁਰੂ ਅਰਜਨ ਦੇਵ ਜੀ ਨੇ ਆਪਣੇ ਮਾਮੇ ਮੋਹਰੀ ਤੇ ਮੋਹਣ ਜੀ ਦੀ ਸਲਾਹ ਨਾਲ ਜੋਤ ਸਮਾਉਣ ਦੀ ਸਭ ਮਰਜਾਦਾ ਪੂਰਨ ਕਰ ਕੇ ਸੱਤਮੀ ਦਾ ਜੱਗ ਵੱਡਾ ਭਾਰੀ ਕੀਤਾ। ਭਾਵੇਂ ਪ੍ਰਿਥੀਚੰਦ ਨੇ ਓਥੇ ਪਹੁੰਚ ਕੇ ਪੈਰੀਂ ਪੈਣ ਵਾਸਤੇ

ਬਥੇਰੇ ਜੋੜ ਤੋੜ ਲਾਏ ਤੇ ਪਾਪੜ ਵੇਲੇ ਪਰ ਸਭ ਸੰਗਤਾਂ ਸਾਹਿਬਜ਼ਾਦਿਆਂ ਤੇ ਹੋਰ ਸਾਕਾਂ ਸੰਬੰਧੀਆਂ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਹੀ ਸਿਰੋਪਾਉ ਦਿਤੇ।

ਏਹ ਗੁਰੂ ਸੰਮਤ ੧੫੯੧ ਬਿਕ੍ਰਮੀ ਕੱਤਕ ਵਦੀ ੨ ਨੂੰ ਪ੍ਰਗਟ ਹੋਏ। ੩੬ ਬਰਸ ੧੦ ਮਹੀਨੇ ੨੬ ਦਿਨ ਦੀ ਉਮਰ ਵਿੱਚ ਗੱਦੀ ਪਰ ਬੈਠੇ। ੧੧ ਬਰਸ ੧੧ ਮਹੀਨੇ ੧੬ ਦਿਨ ਗੁਰਿਆਈ ਕਰ ੪੭ ਬਰਸ ੧੦ ਮਹੀਨੇ ੧੬ ਦਿਨ ਕੁਲ ਉਮਰ ਭੋਗ ਕੇ {ਪਾ: ੪ ਜੋਤੀ ਜੋਤਿ ਸਮਾਏ} ਭਾਦ੍ਰੋਂ ਸੁਦੀ ੩ ਸੰਮਤ ੧੬੩੮ ਬਿਕ੍ਰਮੀ ਨੂੰ ਗੋਇੰਦਵਾਲ ਸ਼ੁੱਕ੍ਰਵਾਰ ੪ ਘੜੀ ਦੇ ਤੜਕੇ ਜੋਤੀ ਜੋਤ ਸਮਾਏ।